# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 31.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਸੰਸਦ ’ਚ ਜੰਮੂ-ਕਸ਼ਮੀਰ ਦਾ ਬਜਟ ਪਾਸ, ਪਿਛਲੇ ਸਾਲ ਦੇ ਮੁਕਾਬਲੇ 110 ਕਰੋੜ ਘੱਟ



ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਮੰਗਲਵਾਰ (30 ਜੁਲਾਈ) ਨੂੰ ਸੰਸਦ ’ਚ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦਾ 5ਵਾਂ ਪੂਰਨ ਬਜਟ ਪੇਸ਼ ਕੀਤਾ। ਇਸ ਨੂੰ ਆਵਾਜ਼ੀ ਵੋਟ ਨਾਲ ਪਾਸ ਕੀਤਾ ਗਿਆ। ਜੰਮੂ-ਕਸ਼ਮੀਰ ਲਈ ਵਿੱਤੀ ਸਾਲ 2024-25 ਲਈ 1 ਲੱਖ 18 ਹਜ਼ਾਰ 390 ਕਰੋੜ ਰੁਪਏ ਦਾ ਬਜਟ ਪੇਸ਼ ਹੋਇਆ ਹੈ। ਬੀਤੇ ਸਾਲ ਇਹ 1 ਲੱਖ 18 ਹਜ਼ਾਰ 500 ਕਰੋੜ ਰੁਪਏ ਸੀ। ਇਸ ਸਾਲ ਇਸ ’ਚ 110 ਕਰੋੜ ਦੀ ਕਮੀ ਆਈ ਹੈ। ਵਿੱਤੀ ਸਾਲ 2024-25 ’ਚ ਜੰਮੂ-ਕਸ਼ਮੀਰ ਦੇ ਕੁੱਲ ਰਾਜ ਘਰੇਲੂ ਉਤਪਾਦ (ਐੱਸ. ਜੀ. ਡੀ. ਪੀ.) ’ਚ 7.5% ਦਾ ਵਾਧਾ ਅਤੇ 7,902 ਕਰੋੜ ਰੁਪਏ ਵਿੱਤੀ ਘਾਟਾ ਰਹਿਣ ਦਾ ਅੰਦਾਜ਼ਾ ਹੈ। ਇਸ ਤੋਂ ਪਹਿਲਾਂ 5 ਫਰਵਰੀ 2024 ਨੂੰ ਵਿੱਤ ਮੰਤਰੀ ਨੇ ਜੰਮੂ-ਕਸ਼ਮੀਰ ਲਈ ਵਿੱਤੀ ਸਾਲ 2024-25 ਲਈ 1.18 ਲੱਖ ਕਰੋੜ ਰੁਪਏ ਦਾ ਅੰਤਰਿਮ ਬਜਟ ਪੇਸ਼ ਕੀਤਾ ਸੀ। ਬਜਟ ’ਚ ਕਿਹਾ ਗਿਆ ਹੈ ਕਿ ਇਹ ਜੰਮੂ-ਕਸ਼ਮੀਰ ਦੇ ਵਿਕਾਸ ਦਾ ਬਜਟ ਹੈ। ਇਸ ’ਚ ਜੰਮੂ-ਕਸ਼ਮੀਰ ਦੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਬਜਟ ਬੁਨਿਆਦੀ ਢਾਂਚੇ ਅਤੇ ਸੜਕਾਂ ’ਤੇ ਫੋਕਸ ਹੈ। ਇਸ ਦਾ ਟੀਚਾ ਜੰਮੂ-ਕਸ਼ਮੀਰ ਦੇ ਲੋਕਾਂ ਦੀ ਬਿਹਤਰੀ ਲਈ ਸਮਾਜਿਕ-ਆਰਥਿਕ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨਾ ਹੈ। ਰਾਜ ’ਚ ਚੁਣੀ ਹੋਈ ਸਰਕਾਰ ਨਾ ਹੋਣ ਦੀ ਵਜ੍ਹਾ ਨਾਲ ਇਹ ਜੰਮੂ-ਕਸ਼ਮੀਰ ਦਾ 5ਵਾਂ ਪੂਰਨ ਬਜਟ ਹੈ, ਜੋ ਸੰਸਦ ’ਚ ਪੇਸ਼ ਹੋਇਆ ਹੈ।5 ਅਗਸਤ 2019 ਨੂੰ ਆਰਟੀਕਲ 370 ਰੱਦ ਹੋਣ ਤੋਂ ਬਾਅਦ ਜੰਮੂ-ਕਸ਼ਮੀਰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਵੰਡਿਆ ਗਿਆ। ਪਹਿਲਾ ਜੰਮੂ-ਕਸ਼ਮੀਰ ਅਤੇ ਦੂਜਾ ਲੱਦਾਖ। ਉਦੋਂ ਤੋਂ ਜੰਮੂ-ਕਸ਼ਮੀਰ ਨੂੰ ਬਜਟ ਸੰਸਦ ’ਚ ਪੇਸ਼ ਕੀਤਾ ਜਾ ਰਿਹਾ ਹੈ। 2018 ’ਚ ਜੰਮੂ-ਕਸ਼ਮੀਰ ਦਾ ਬਜਟ ਵਿਧਾਨ ਸਭਾ ’ਚ ਪੇਸ਼ ਹੋਇਆ ਸੀ। ਰਾਜ ’ਚ ਇਕ ਵਾਰ ਚੋਣਾਂ ਹੋਣ ਤੋਂ ਬਾਅਦ ਬਜਟ ਫਿਰ ਤੋਂ ਵਿਧਾਨ ਸਭਾ ’ਚ ਹੀ ਪੇਸ਼ ਕੀਤਾ ਜਾਵੇਗਾ। 11 ਦਸੰਬਰ, 2023 ਨੂੰ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ 30 ਸਤੰਬਰ 2024 ਤੋਂ ਪਹਿਲਾਂ ਕੇਂਦਰ ਸ਼ਾਸਿਤ ਪ੍ਰਦੇਸ਼ ’ਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਹੈ।ਲੋਕ ਸਭਾ ਨੇ ਮੰਗਲਵਾਰ ਨੂੰ ਕੇਂਦਰ ਸ਼ਾਸਿਤ ਜੰਮੂ-ਕਸ਼ਮੀਰ ਨਾਲ ਸਬੰਧਤ ਨਿਯੋਜਨ ਬਿੱਲ ਨੂੰ ਵੀ ਮਨਜ਼ੂਰੀ ਦਿੱਤੀ। ਬਜਟ ਉੱਤੇ ਚਰਚਾ ’ਤੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੇ ਜਵਾਬ ਤੋਂ ਬਾਅਦ ਸਦਨ ਨੇ ਜੰਮੂ-ਕਸ਼ਮੀਰ ਨਿਯੋਜਨ (ਨੰਬਰ 3) ਬਿੱਲ, 2024 ਨੂੰ ਆਵਾਜ਼ੀ ਵੋਟ ਨਾਲ ਮਨਜ਼ੂਰੀ ਦਿੱਤੀ। ਇਹ ਬਿੱਲ ਵਿੱਤੀ ਸਾਲ 2024-25 ਲਈ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਏਕੀਕ੍ਰਿਤ ਫੰਡ ’ਚੋਂ ਰਾਸ਼ੀ ਕੱਢਣ ਨੂੰ ਪ੍ਰਵਾਨਗੀ ਦਿੰਦਾ ਹੈ।

## ਘਰ 'ਚ ਚੱਲ ਰਹੀ ਮਿੰਨੀ ਬੰਦੂਕ ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼



ਪੱਛਮੀ ਬੰਗਾਲ ਅਤੇ ਬਿਹਾਰ ਦੀ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐੱਫ.) ਦੀ ਸਾਂਝੀ ਟੀਮ ਨੇ ਸਥਾਨਕ ਪੁਲਸ ਨਾਲ ਮਿਲ ਕੇ ਬਿਹਾਰ ਦੇ ਸਾਰਨ ਜ਼ਿਲ੍ਹੇ ਦੇ ਰਹੀਮਪੁਰ ਪਿੰਡ ਵਿਚ ਇਕ ਮਿੰਨੀ ਬੰਦੂਕ ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼ ਕੀਤਾ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਸ ਸਬੰਧੀ ਮੀਡੀਆ ਏਜੰਸੀਆਂ ਨੂੰ ਜਾਣਕਾਰੀ ਦਿੱਤੀ।ਸਾਰਨ ਦੇ ਐੱਸਪੀ ਕੁਮਾਰ ਆਸ਼ੀਸ਼ ਨੇ ਦੱਸਿਆ ਕਿ ਟੀਮ ਨੇ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਚਾਰ ਬਿਹਾਰ ਦੇ ਮੁੰਗੇਰ ਦੇ ਰਹਿਣ ਵਾਲੇ ਹਨ। ਉਨ੍ਹਾਂ ਦੱਸਿਆ ਕਿ ਛਾਪੇਮਾਰੀ ਦੌਰਾਨ ਅਧਿਕਾਰੀਆਂ ਨੇ ਅੰਸ਼ਿਕ ਤੌਰ 'ਤੇ ਬਣਾਈਆਂ ਬੰਦੂਕਾਂ, ਬੈਰਲਾਂ, ਦੇਸੀ ਬਣਾਈਆਂ ਪਿਸਤੌਲਾਂ ਅਤੇ "ਕੱਟਿਆਂ" (ਦੇਸੀ ਬਣਾਇਆ ਹਥਿਆਰ) ਦੇ ਨਿਰਮਾਣ ਵਿਚ ਵਰਤੇ ਜਾਂਦੇ ਸਾਜ਼ੋ-ਸਾਮਾਨ ਦਾ ਇਕ ਵੱਡਾ ਭੰਡਾਰ ਜ਼ਬਤ ਕੀਤਾ। ਉਨ੍ਹਾਂ 75 ਅੰਸ਼ਿਕ ਤੌਰ 'ਤੇ ਬਣੇ ਹਥਿਆਰ, 15 ਬੈਰਲ, 36 ਅੰਸ਼ਿਕ ਤੌਰ 'ਤੇ ਬਣੇ ਬੈਰਲ, 6 ਕਟਰ, 14 ਡਰਿੱਲ ਮਸ਼ੀਨਾਂ, 2 ਬਿਲਡਿੰਗ ਮਸ਼ੀਨਾਂ, 1 ਜਨਰੇਟਰ, 1 ਮੋਬਾਈਲ ਫੋਨ, 1 ਲੇਥ ਮਸ਼ੀਨ, 1 ਮਿਲਿੰਗ ਮਸ਼ੀਨ, 10 ਟਨ ਲੋਹੇ ਦੀਆਂ ਬਾਰਾਂ ਆਦਿ ਜ਼ਬਤ ਕੀਤੇ ਹਨ। ਇਹ ਮਿੰਨੀ ਬੰਦੂਕ ਦੀ ਫੈਕਟਰੀ ਇਕ ਅਖਿਲੇਸ਼ ਸਿੰਘ ਨਾਂ ਦੇ ਵਿਅਕਤੀ ਦੇ ਘਰ ਵਿਚ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੀ ਸੀ। ਪੁਲਸ ਨੇ ਅਖਿਲੇਸ਼ ਸਿੰਘ ਅਤੇ ਚਾਰ ਹੋਰਨਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਮੁਹੰਮਦ ਚੰਦ, ਮੁਹੰਮਦ ਪਰਵੇਜ਼, ਇਰਫਾਨ ਅਤੇ ਮੁਹੰਮਦ ਪਰਵਾਲਾ ਵਜੋਂ ਹੋਈ ਹੈ। ਇਹ ਚਾਰੋਂ ਮੁੰਗੇਰ ਦੇ ਮੂਲ ਨਿਵਾਸੀ ਹਨ ਅਤੇ ਮੰਨਿਆ ਜਾਂਦਾ ਹੈ ਕਿ ਉਹ ਫੈਕਟਰੀ ਦੇ ਕਰਮਚਾਰੀ ਹਨ। ਟੀਮ ਨੇ ਛਾਪੇਮਾਰੀ ਦੌਰਾਨ ਫੈਕਟਰੀ ਵਿਚੋਂ ਵੱਡੀ ਮਾਤਰਾ ਵਿਚ ਕੱਚਾ ਮਾਲ ਵੀ ਬਰਾਮਦ ਕੀਤਾ ਹੈ।

## 2 ਅਗਸਤ ਤੱਕ ਬੰਦ ਰਹਿਣਗੇ ਸਕੂਲ, 1 ਤੋਂ 12ਵੀਂ ਜਮਾਤ ਤਕ ਦੇ ਵਿਦਿਆਰਥੀਆਂ ਨੂੰ ਛੁੱਟੀ





ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਮੰਗਲਵਾਰ (30 ਜੁਲਾਈ) ਨੂੰ ਸੰਸਦ ’ਚ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦਾ 5ਵਾਂ ਪੂਰਨ ਬਜਟ ਪੇਸ਼ ਕੀਤਾ। ਇਸ ਨੂੰ ਆਵਾਜ਼ੀ ਵੋਟ ਨਾਲ ਪਾਸ ਕੀਤਾ ਗਿਆ। ਜੰਮੂ-ਕਸ਼ਮੀਰ ਲਈ ਵਿੱਤੀ ਸਾਲ 2024-25 ਲਈ 1 ਲੱਖ 18 ਹਜ਼ਾਰ 390 ਕਰੋੜ ਰੁਪਏ ਦਾ ਬਜਟ ਪੇਸ਼ ਹੋਇਆ ਹੈ। ਬੀਤੇ ਸਾਲ ਇਹ 1 ਲੱਖ 18 ਹਜ਼ਾਰ 500 ਕਰੋੜ ਰੁਪਏ ਸੀ। ਇਸ ਸਾਲ ਇਸ ’ਚ 110 ਕਰੋੜ ਦੀ ਕਮੀ ਆਈ ਹੈ। ਵਿੱਤੀ ਸਾਲ 2024-25 ’ਚ ਜੰਮੂ-ਕਸ਼ਮੀਰ ਦੇ ਕੁੱਲ ਰਾਜ ਘਰੇਲੂ ਉਤਪਾਦ (ਐੱਸ. ਜੀ. ਡੀ. ਪੀ.) ’ਚ 7.5% ਦਾ ਵਾਧਾ ਅਤੇ 7,902 ਕਰੋੜ ਰੁਪਏ ਵਿੱਤੀ ਘਾਟਾ ਰਹਿਣ ਦਾ ਅੰਦਾਜ਼ਾ ਹੈ। ਇਸ ਤੋਂ ਪਹਿਲਾਂ 5 ਫਰਵਰੀ 2024 ਨੂੰ ਵਿੱਤ ਮੰਤਰੀ ਨੇ ਜੰਮੂ-ਕਸ਼ਮੀਰ ਲਈ ਵਿੱਤੀ ਸਾਲ 2024-25 ਲਈ 1.18 ਲੱਖ ਕਰੋੜ ਰੁਪਏ ਦਾ ਅੰਤਰਿਮ ਬਜਟ ਪੇਸ਼ ਕੀਤਾ ਸੀ। ਬਜਟ ’ਚ ਕਿਹਾ ਗਿਆ ਹੈ ਕਿ ਇਹ ਜੰਮੂ-ਕਸ਼ਮੀਰ ਦੇ ਵਿਕਾਸ ਦਾ ਬਜਟ ਹੈ। ਇਸ ’ਚ ਜੰਮੂ-ਕਸ਼ਮੀਰ ਦੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਬਜਟ ਬੁਨਿਆਦੀ ਢਾਂਚੇ ਅਤੇ ਸੜਕਾਂ ’ਤੇ ਫੋਕਸ ਹੈ। ਇਸ ਦਾ ਟੀਚਾ ਜੰਮੂ-ਕਸ਼ਮੀਰ ਦੇ ਲੋਕਾਂ ਦੀ ਬਿਹਤਰੀ ਲਈ ਸਮਾਜਿਕ-ਆਰਥਿਕ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨਾ ਹੈ। ਰਾਜ ’ਚ ਚੁਣੀ ਹੋਈ ਸਰਕਾਰ ਨਾ ਹੋਣ ਦੀ ਵਜ੍ਹਾ ਨਾਲ ਇਹ ਜੰਮੂ-ਕਸ਼ਮੀਰ ਦਾ 5ਵਾਂ ਪੂਰਨ ਬਜਟ ਹੈ, ਜੋ ਸੰਸਦ ’ਚ ਪੇਸ਼ ਹੋਇਆ ਹੈ।5 ਅਗਸਤ 2019 ਨੂੰ ਆਰਟੀਕਲ 370 ਰੱਦ ਹੋਣ ਤੋਂ ਬਾਅਦ ਜੰਮੂ-ਕਸ਼ਮੀਰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਵੰਡਿਆ ਗਿਆ। ਪਹਿਲਾ ਜੰਮੂ-ਕਸ਼ਮੀਰ ਅਤੇ ਦੂਜਾ ਲੱਦਾਖ। ਉਦੋਂ ਤੋਂ ਜੰਮੂ-ਕਸ਼ਮੀਰ ਨੂੰ ਬਜਟ ਸੰਸਦ ’ਚ ਪੇਸ਼ ਕੀਤਾ ਜਾ ਰਿਹਾ ਹੈ। 2018 ’ਚ ਜੰਮੂ-ਕਸ਼ਮੀਰ ਦਾ ਬਜਟ ਵਿਧਾਨ ਸਭਾ ’ਚ ਪੇਸ਼ ਹੋਇਆ ਸੀ। ਰਾਜ ’ਚ ਇਕ ਵਾਰ ਚੋਣਾਂ ਹੋਣ ਤੋਂ ਬਾਅਦ ਬਜਟ ਫਿਰ ਤੋਂ ਵਿਧਾਨ ਸਭਾ ’ਚ ਹੀ ਪੇਸ਼ ਕੀਤਾ ਜਾਵੇਗਾ। 11 ਦਸੰਬਰ, 2023 ਨੂੰ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ 30 ਸਤੰਬਰ 2024 ਤੋਂ ਪਹਿਲਾਂ ਕੇਂਦਰ ਸ਼ਾਸਿਤ ਪ੍ਰਦੇਸ਼ ’ਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਹੈ।ਲੋਕ ਸਭਾ ਨੇ ਮੰਗਲਵਾਰ ਨੂੰ ਕੇਂਦਰ ਸ਼ਾਸਿਤ ਜੰਮੂ-ਕਸ਼ਮੀਰ ਨਾਲ ਸਬੰਧਤ ਨਿਯੋਜਨ ਬਿੱਲ ਨੂੰ ਵੀ ਮਨਜ਼ੂਰੀ ਦਿੱਤੀ। ਬਜਟ ਉੱਤੇ ਚਰਚਾ ’ਤੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੇ ਜਵਾਬ ਤੋਂ ਬਾਅਦ ਸਦਨ ਨੇ ਜੰਮੂ-ਕਸ਼ਮੀਰ ਨਿਯੋਜਨ (ਨੰਬਰ 3) ਬਿੱਲ, 2024 ਨੂੰ ਆਵਾਜ਼ੀ ਵੋਟ ਨਾਲ ਮਨਜ਼ੂਰੀ ਦਿੱਤੀ। ਇਹ ਬਿੱਲ ਵਿੱਤੀ ਸਾਲ 2024-25 ਲਈ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਏਕੀਕ੍ਰਿਤ ਫੰਡ ’ਚੋਂ ਰਾਸ਼ੀ ਕੱਢਣ ਨੂੰ ਪ੍ਰਵਾਨਗੀ ਦਿੰਦਾ ਹੈ।


## ਮੋਦੀ ਸਰਕਾਰ ਨੇ ਚੋਣਾਂ ਦੇ ਝਟਕਿਆਂ ਤੋਂ ਕੋਈ ਸਬਕ ਨਹੀਂ



ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਬੁੱਧਵਾਰ ਨੂੰ ਭਾਜਪਾ ਅਤੇ ਰਾਸ਼ਟਰੀ ਸਵੈ-ਸੇਵਕ ਸੰਘ (RSS) 'ਤੇ ਤਿੱਖਾ ਸ਼ਬਦੀ ਵਾਰ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਲੋਕ ਸਭਾ ਚੋਣਾਂ ਵਿਚ ਲੱਗੇ ਝਟਕਿਆਂ ਤੋਂ ਸਬਕ ਲੈਣ ਦੀ ਬਜਾਏ ਅੱਜ ਵੀ ਵੰਡ ਅਤੇ ਡਰ ਫੈਲਾਉਣ ਦੀ ਆਪਣੀ ਨੀਤੀ 'ਤੇ ਕਾਇਮ ਹੈ। ਉਨ੍ਹਾਂ ਨੇ ਕਾਂਗਰਸ ਸੰਸਦੀ ਦਲ ਦੀ ਬੈਠਕ ਵਿਚ ਪਾਰਟੀ ਨੇਤਾਵਾਂ ਨੂੰ ਇਹ ਅਪੀਲ ਵੀ ਕੀਤੀ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਮਗਰੋਂ ਮਾਹੌਲ ਪਾਰਟੀ ਦੇ ਪੱਖ ਵਿਚ ਹੈ ਪਰ ਕਿਸੇ ਨੂੰ ਅਸੰਤੁਸ਼ਟ ਅਤੇ ਜ਼ਿਆਦਾ ਆਤਮਵਿਸ਼ਵਾਸ ਨਹੀਂ ਹੋਣਾ ਚਾਹੀਦਾ ਅਤੇ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਸੀ. ਪੀ. ਪੀ. ਦੀ ਬੈਠਕ ਦੀ ਸ਼ੁਰੂਆਤ ਵਿਚ ਕੇਰਲ ਦੇ ਵਾਇਨਾਡ ਵਿਚ ਕੱਲ ਮੰਗਲਵਾਰ ਨੂੰ ਤੜਕੇ ਹੋਈ ਜ਼ਮੀਨ ਖਿਸਕਣ ਦੀ ਘਟਨਾ ਵਿਚ ਮਾਰੇ ਗਏ ਲੋਕਾਂ ਅਤੇ ਦਿੱਲੀ ਦੇ ਇਕ ਕੋਚਿੰਗ ਸੰਸਥਾ ਵਿਚ ਮੀਂਹ ਦੇ ਪਾਣੀ ਵਿਚ ਡੁੱਬਣ ਕਾਰਨ ਜਾਨ ਗੁਆਉਣ ਵਾਲੇ ਤਿੰਨ ਵਿਦਿਆਰਥੀਆਂ ਦੇ ਸਨਮਾਨ ਵਿਚ ਕੁਝ ਦੇਰ ਮੌਨ ਰੱਖਿਆ ਗਿਆ।
ਸੰਸਦੀ ਦਲ ਦੇ ਮੁਖੀ ਦੇ ਤੌਰ 'ਤੇ ਦਿੱਤੇ ਗਏ ਆਪਣੇ ਭਾਸ਼ਣ ਵਿਚ ਸੋਨੀਆ ਗਾਂਧੀ ਨੇ ਮੋਦੀ ਸਰਕਾਰ, ਭਾਜਪਾ ਅਤੇ RSS 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਸਾਨੂੰ ਲੱਗਦਾ ਸੀ ਕਿ ਮੋਦੀ ਸਰਕਾਰ ਲੋਕ ਸਭਾ ਚੋਣਾਂ ਵਿਚ ਲੱਗੇ ਵੱਡੇ ਝਟਕੇ ਤੋਂ ਸਹੀ ਸਬਕ ਲਵੇਗੀ। ਇਸ ਦੀ ਬਜਾਏ ਉਹ ਭਾਈਚਾਰਿਆਂ ਨੂੰ ਵੰਡਣ, ਡਰ ਅਤੇ ਦੁਸ਼ਮਣੀ ਫੈਲਾਉਣ ਦੀ ਆਪਣੀ ਨੀਤੀ ਜਾਰੀ ਰੱਖਦੀ ਹੈ। ਸੋਨੀਆ ਗਾਂਧੀ ਨੇ ਉੱਤਰ ਪ੍ਰਦੇਸ਼ ਵਿਚ ਕਾਂਵੜ ਯਾਤਰਾ ਦੇ ਮਾਰਗ ਵਿਚ ਦੁਕਾਨਦਾਰਾਂ ਦੇ ਨਾਂ ਪ੍ਰਦਰਸ਼ਿਤ ਕਰਨ ਦੇ ਸ਼ਾਸਨਾਦੇਸ਼ ਨਾਲ ਜੁੜੇ ਵਿਵਾਦ ਦਾ ਅਸਿੱਧੇ ਤੌਰ 'ਤੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਖੁਸ਼ਕਿਸਮਤੀ ਨਾਲ ਸੁਪਰੀਮ ਕੋਰਟ ਨੇ ਸਹੀ ਸਮੇਂ 'ਤੇ ਦਖਲ ਦਿੱਤਾ ਪਰ ਇਸ ਨਾਲ ਆਰਜ਼ੀ ਰਾਹਤ ਹੀ ਮਿਲ ਸਕਦੀ ਹੈ।ਸੋਨੀਆ ਗਾਂਧੀ ਨੇ ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਅਤੇ ਜੰਮੂ-ਕਸ਼ਮੀਰ ਵਿਚ ਵੀ ਵਿਧਾਨ ਸਭਾ ਚੋਣਾਂ ਦੀ ਸੰਭਾਵਨਾ ਦੇ ਮੱਦੇਨਜ਼ਰ ਪਾਰਟੀ ਨੇਤਾਵਾਂ ਵਿਚ ਜੋਸ਼ ਭਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਕੁਝ ਮਹੀਨਿਆਂ ਵਿਚ ਚਾਰ ਸੂਬਿਆਂ 'ਚ ਚੋਣਾਂ ਹੋਣੀਆਂ ਹਨ। ਸਾਨੂੰ ਲੋਕ ਸਭਾ ਚੋਣਾਂ ਵਿਚ ਪੈਦਾ ਹੋਈ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਸਾਨੂੰ ਸੰਤੁਸ਼ਟ ਅਤੇ ਜ਼ਿਆਦਾ ਆਤਮ-ਵਿਸ਼ਵਾਸ ਨਹੀਂ ਬਣਨਾ ਚਾਹੀਦਾ। ਵਾਤਾਵਰਨ ਸਾਡੇ ਪੱਖ ਵਿਚ ਹੈ ਪਰ ਸਾਨੂੰ ਟੀਚੇ ਨੂੰ ਧਿਆਨ ਵਿੱਚ ਰੱਖ ਕੇ ਇਕਜੁੱਟ ਹੋ ਕੇ ਕੰਮ ਕਰਨਾ ਪਵੇਗਾ। ਸੋਨੀਆ ਨੇ ਕਿਹਾ ਕਿ ਜੇਕਰ ਕਾਂਗਰਸ ਆਉਣ ਵਾਲੀਆਂ ਚੋਣਾਂ ਵਿਚ ਵੀ ਬਿਹਤਰ ਪ੍ਰਦਰਸ਼ਨ ਕਰਦੀ ਹੈ ਤਾਂ ਰਾਸ਼ਟਰੀ ਰਾਜਨੀਤੀ ਵਿਚ ਬਦਲਾਅ ਆਵੇਗਾ।

# ਡਿਊਟੀ ’ਤੇ ਤਾਇਨਾਤ ਬਰਨਾਲਾ ਦੇ ਫ਼ੌਜੀ ਜਵਾਨ ਦੀ ਸੱਪ ਦੇ ਡੰਗਣ ਕਾਰਨ ਹੋਈ ਮੌਤ




ਸ਼ਹਿਰ ਦੇ ਸੰਧੂ ਪੱਤੀ ਇਲਾਕੇ ਦਾ 24 ਸਾਲਾ ਸਿਮਰਨਦੀਪ ਸਿੰਘ 2018 ਵਿੱਚ ਫੌਜ ਵਿੱਚ ਸਿਪਾਹੀ ਵਜੋਂ ਭਰਤੀ ਹੋਇਆ ਸੀ। ਜਿਸ ਦੀ ਬੀਤੀ ਰਾਤ ਡਿਊਟੀ ਦੌਰਾਨ ਸੱਪ ਦੇ ਡੱਸਣ ਕਾਰਨ ਮੌਤ ਹੋ ਗਈ । ਮ੍ਰਿਤਕ ਫੌਜੀ ਜਵਾਨ ਜੰਮੂ-ਕਸ਼ਮੀਰ ਦੇ ਨੌਸ਼ਹਿਰਾ ਗੜ੍ਹੀ ਵਿੱਚ ਤਾਇਨਾਤ ਸੀ ਅਤੇ ਆਪਣੇ ਕੋਰਸ ਦੇ ਸਿਲਸਿਲੇ ਵਿੱਚ ਕੁਝ ਦਿਨਾਂ ਲਈ ਅੰਬਾਲਾ ਆਇਆ ਹੋਇਆ ਸੀ, ਜਿੱਥੇ ਡਿਊਟੀ ਦੌਰਾਨ ਸੱਪ ਦੇ ਡੱਸਣ ਕਾਰਨ ਉਸ ਦੀ ਮੌਤ ਹੋ ਗਈ। ਇਸ ਦਰਦਨਾਕ ਘਟਨਾ ਕਾਰਨ ਪਰਿਵਾਰ ਵਿੱਚ ਸੋਗ ਦੀ ਲਹਿਰ ਹੈ। ਪਰਿਵਾਰ ਨੇ ਮੰਗ ਕਰਦਿਆਂ ਕਿਹਾ ਕਿ ਫੌਜੀ ਜਵਾਨ ਨੂੰ ਸ਼ਹੀਦ ਦਾ ਦਰਜ ਦਿੱਤਾ ਜਾਵੇ ਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।ਇਸ ਮੌਕੇ ਗੱਲਬਾਤ ਕਰਦਿਆਂ ਮ੍ਰਿਤਕ ਫ਼ੌਜੀ ਜਵਾਨ ਦੇ ਪਿਤਾ ਦਲਜੀਤ ਸਿੰਘ ਨੇ ਕਿਹਾ ਕਿ ਉਹਨਾਂ ਦਾ ਪੁੱਤਰ 2018 ਵਿੱਚ ਫ਼ੌਜ ਵਿੱਚ ਭਰਤੀ ਹੋਇਆ ਸੀ। ਫਿਲਹਾਲ ਉਹ ਰਾਜੌਰੀ ਸੈਕਟਰ ਵਿਖੇ ਡਿਊਟੀ ‘ਤੇ ਸੀ । ਉਹ ਪੜ੍ਹਾਈ ਦੇ ਸਿਲਸਿਲੇ ਵਿੱਚ ਅੰਬਾਲਾ ਆਇਆ ਹੋਇਆ ਸੀ। ਜਿੱਥੇ ਰਾਤ ਸਮੇਂ ਉਹ ਆਪਣੀ ਪੜ੍ਹਾਈ ਕਰਕੇ ਸੌਂ ਗਿਆ ਤੇ ਖ਼ਤਰਨਾਮ ਸੱਪ ਉਸਦੇ ਬਿਸਤਰੇ ‘ਤੇ ਚੜ੍ਹ ਗਿਆ ਅਤੇ ਉਸਨੂੰ ਡਸ ਲਿਆ । ਸਵੇਰੇ ਚਾਰ ਵਜੇ ਉਠਣ ਸਮੇਂ ਉਸਦੀ ਤਬੀਅਤ ਖਰਾਬ ਹੋ ਗਈ। ਜਦੋਂ ਉਸਦੇ ਸਾਥੀਆਂ ਨੇ ਦੇਖਿਆ ਤਾਂ ਉਸਦੀ ਪਿੱਠ ‘ਤੇ ਸੱਪ ਨੇ ਡੱਸਿਆ ਹੋਇਆ ਸੀ । ਜਿਸ ਤੋਂ ਬਾਅਦ ਫ਼ੌਜ ਦੀ ਗੱਡੀ ਮੰਗਵਾ ਕੇ ਨੌਜਵਾਨ ਨੂੰ ਤੁਰੰਤ ਫ਼ੌਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਅਤੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਪੁੱਤਰ ਦੀ ਮੌਤ ਡਿਊਟੀ ਦੌਰਾਨ ਹੋਈ ਹੈ, ਜਿਸ ਕਰਕੇ ਉਸਨੂੰ ਸ਼ਹੀਦ ਦਾ ਦਰਜ਼ਾ ਮਿਲਣਾ ਚਾਹੀਦਾ ਹੈ।ਇਸ ਮੌਕੇ ਸਥਾਨਕ ਵਾਸੀ ਅਤੇ ਸਾਬਕਾ ਫ਼ੌਜੀ ਨਛੱਤਰ ਸਿੰਘ ਨੇ ਕਿਹਾ ਕਿ ਮ੍ਰਿਤਕ ਨੌਜਵਾਨ ਦੀ ਡਿਊਟੀ ਦੌਰਾਨ ਮੌਤ ਹੋਈ ਸੀ ਅਤੇ ਡਿਊਟੀ ਵੀ ਮਿਲਟਰੀ ਹਸਪਤਾਲ ਵਿੱਚ ਕੀਤੀ ਗਈ ਸੀ । ਜਿਸ ਕਰਕੇ ਫ਼ੌਜ ਮ੍ਰਿਤਕ ਜਵਾਨ ਨੂੰ ਸ਼ਹੀਦ ਦਾ ਦਰਜਾ ਦੇਣ ਦੇ ਨਾਲ ਨਾਲ ਇਸ ਜਵਾਨ ਦਾ ਬੁੱਤ ਸਾਡੇ ਵਾਰਡ ਵਿੱਚ ਲਗਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਅਗਨੀਵੀਰਾਂ ਸਮੇਤ ਹਰ ਸ਼ਹੀਦ ਫ਼ੌਜੀ ਦੇ ਘਰ ਜਾ ਕੇ 1 ਕਰੋੜ ਰੁਪਏ ਦੀ ਸਹਾਇਤਾ ਪਰਿਵਾਰਾਂ ਨੂੰ ਦੇ ਰਹੀ ਹੈ। ਜਿਸ ਕਰਕੇ ਉਨ੍ਹਾਂ ਦੀ ਮੰਗ ਹੈ ਕਿ ਪਰਿਵਾਰ ਨੂੰ ਮੁਆਵਜ਼ਾ ਦਿੱਤਾ ਜਾਵੇ । ਉਨ੍ਹਾਂ ਦੱਸਿਆ ਕਿ ਪਰਿਵਾਰ ਬਰਨਾਲਾ ਦੇ ਸੰਧੂ ਪੱਤੀ ਏਰੀਏ ਵਿੱਚ ਰਹਿੰਦਾ ਹੈ। ਮ੍ਰਿਤਕ ਨੌਜਵਾਨ ਅਜੇ ਕੁਆਰਾ ਸੀ। ਇਸਦੇ ਇੱਕ ਭੈਣ ਅਤੇ ਇੱਕ ਛੋਟਾ ਭਰਾ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ।

# 3 ਕਰੋੜ ਤੋਂ ਜ਼ਿਆਦਾ ਦਾ ਦੱਸਿਆ ਜਾ ਰਿਹਾ ਸੀ ਮਕਸੂਦਾਂ ਸੜਕ ਸਕੈਂਡਲ ਪਰ ਨਿਕਲਿਆ ਸਿਰਫ਼ 9 ਲੱਖ ਦਾ




2010 ਵਿਚ ਜਦੋਂ ਪੰਜਾਬ ਅਤੇ ਜਲੰਧਰ ਨਿਗਮ ਵਿਚ ਅਕਾਲੀ-ਭਾਜਪਾ ਦੀ ਸਰਕਾਰ ਹੁੰਦੀ ਸੀ, ਉਦੋਂ ਤਤਕਾਲੀ ਮੇਅਰ ਰਾਕੇਸ਼ ਰਾਠੌਰ ਅਤੇ ਉਸ ਸਮੇਂ ਦੇ ਉੱਤਰੀ ਹਲਕੇ ਦੇ ਵਿਧਾਇਕ ਕੇ. ਡੀ. ਭੰਡਾਰੀ ਨੇ ਮਕਸੂਦਾਂ ਚੌਂਕ ਤੋਂ ਲੈ ਕੇ ਬਿਧੀਪੁਰ ਤਕ ਦੀ ਸੜਕ ਦਾ ਉਦਘਾਟਨ ਕੀਤਾ ਸੀ, ਜੋ 3 ਕਰੋੜ 76 ਲੱਖ ਰੁਪਏ ਨਾਲ ਬਣਾਈ ਜਾਣੀ ਸੀ। ਉਸ ਸਮੇਂ ਵਿਰੋਧੀ ਧਿਰ ਵਿਚ ਬੈਠੇ ਕਾਂਗਰਸੀਆਂ ਨੇ ਕੁਝ ਸਾਲਾਂ ਬਾਅਦ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਸਨ ਕਿ ਨਗਰ ਨਿਗਮ ਨੇ ਸੜਕ ਬਣਾਏ ਬਗੈਰ ਹੀ ਠੇਕੇਦਾਰ ਨੂੰ ਭੁਗਤਾਨ ਕਰ ਦਿੱਤਾ ਹੈ। 2012 ਵਿਚ ਕਿਉਂਕਿ ਅਕਾਲੀ-ਭਾਜਪਾ ਸਰਕਾਰ ਇਕ ਵਾਰ ਫਿਰ ਰਿਪੀਟ ਹੋ ਗਈ, ਇਸ ਲਈ ਕਾਂਗਰਸੀਆਂ ਨੇ ਵਿਰੋਧੀ ਧਿਰ ਵਿਚ ਬੈਠ ਕੇ, ਉਦੋਂ ਵੀ ਇਸ ਘਪਲੇ ਨੂੰ ਲੈ ਕੇ ਰੌਲਾ ਪਾਉਣਾ ਜਾਰੀ ਰੱਖਿਆ। ਜਦੋਂ 2017 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਆਈਆਂ ਤਾਂ 2016 ਵਿਚ ਕਾਂਗਰਸੀਆਂ ਨੇ ਇਸ ਘਪਲੇ ਨੂੰ ਪ੍ਰਮੁੱਖਤਾ ਨਾਲ ਉਠਾਇਆ। ਉਨ੍ਹੀਂ ਦਿਨੀਂ ਕਾਂਗਰਸੀ ਆਗੂ ਰਾਜਿੰਦਰ ਬੇਰੀ, ਬਾਵਾ ਹੈਨਰੀ, ਕਾਂਗਰਸ ਕੌਂਸਲਰ ਦਲ ਦੇ ਆਗੂ ਜਗਦੀਸ਼ ਰਾਜ ਰਾਜਾ, ਕੌਂਸਲਰ ਦੇਸ ਰਾਜ ਜੱਸਲ, ਨਿਰਮਲ ਸਿੰਘ ਨਿੰਮਾ, ਪਰਮਜੀਤ ਸਿੰਘ ਪੰਮਾ, ਤਰਸੇਮ ਸਿੰਘ ਲਖੋਤਰਾ, ਅਰੁਣ ਜੈਨ ਆਦਿ ਨੇ ਚੰਡੀਗੜ੍ਹ ਜਾ ਕੇ ਉਸ ਸਮੇਂ ਦੇ ਡੀ. ਜੀ. ਪੀ. ਅਤੇ ਵਿਜੀਲੈਂਸ ਦੇ ਡਾਇਰੈਕਟਰ ਸੁਰੇਸ਼ ਅਰੋੜਾ ਨਾਲ ਮੁਲਾਕਾਤ ਕੀਤੀ ਅਤੇ ਲੱਗਭਗ ਅੱਧਾ ਘੰਟਾ ਮੀਟਿੰਗ ਕਰ ਕੇ ਉਨ੍ਹਾਂ ਨੂੰ ਲਿਖਤੀ ਸ਼ਿਕਾਇਤ ਸੌਂਪੀ। ਉਦੋਂ ਡੀ. ਜੀ. ਪੀ. ਨੇ ਕਾਂਗਰਸੀ ਆਗੂਆਂ ਨੂੰ ਭਰੋਸਾ ਦਿੱਤਾ ਕਿ ਵਿਜੀਲੈਂਸ ਜਾਂਚ ਸਮੇਂ ’ਤੇ ਨਿਪਟਾ ਦਿੱਤੀ ਜਾਵੇਗੀ। ਉਸ ਸਮੇਂ ਹਾਲਾਤ ਇਹ ਬਣੇ ਕਿ ਵਿਜੀਲੈਂਸ ਨੇ 8-9 ਸਾਲ ਤਕ ਇਸ ਮਾਮਲੇ ਦੀ ਜਾਂਚ ਕੀਤੀ। ਵਿਜੀਲੈਂਸ ਦੀਆਂ ਟੈਕਨੀਕਲ ਟੀਮਾਂ ਨੇ ਕਈ ਵਾਰ ਮਕਸੂਦਾਂ-ਬਿਧੀਪੁਰ ਸੜਕ ’ਤੇ ਆ ਕੇ ਮੁਆਇਨਾ ਕੀਤਾ।ਕੁਝ ਮਹੀਨੇ ਪਹਿਲਾਂ ਸਟੇਟ ਵਿਜੀਲੈਂਸ ਨੇ ਮਕਸੂਦਾਂ ਸੜਕ ਘਪਲੇ ਸਬੰਧੀ ਜੋ ਰਿਪੋਰਟ ਦਿੱਤੀ ਹੈ, ਉਸ ਵਿਚ ਕਾਗਰਸੀ ਆਗੂਆਂ ਦੇ ਉਨ੍ਹਾਂ ਦੋਸ਼ਾਂ ਦੀ ਹਵਾ ਕੱਢ ਕੇ ਰੱਖ ਦਿੱਤੀ ਗਈ ਹੈ, ਜਿਹੜੇ ਇਸ ਘਪਲੇ ਨੂੰ 3 ਕਰੋੜ ਰੁਪਏ ਤੋਂ ਵੱਧ ਦਾ ਦੱਸ ਰਹੇ ਸਨ। ਵਿਜੀਲੈਂਸ ਦੀ ਰਿਪੋਰਟ ਵਿਚ ਸਾਫ਼ ਹੋ ਗਿਆ ਹੈ ਕਿ ਸੜਕ ਦੇ ਬਿਲਕੁਲ ਵਿਚਕਾਰ ਬਣਾਏ ਗਏ ਸੈਂਟਰਲ ਵਰਜ ਦੀ ਪੈਮਾਇਸ਼ 1322 ਫੁੱਟ ਜ਼ਿਆਦਾ ਵਿਖਾਈ ਗਈ ਹੈ, ਜਿਸ ਦੀ ਰਾਸ਼ੀ 7 ਲੱਖ 54 ਹਜ਼ਾਰ ਰੁਪਏ ਬਣਦੀ ਹੈ। ਵਿਜੀਲੈਂਸ ਨੇ ਆਪਣੀ ਜਾਂਚ ਦੌਰਾਨ ਸੜਕ ਦੇ ਮਾਮਲੇ ਵਿਚ ਜੋ ਫਰਕ ਕੱਢਿਆ ਹੈ, ਉਸ ਵਿਚ ਸਾਫ਼ ਕਿਹਾ ਗਿਆ ਹੈ ਕਿ ਲੁੱਕ-ਬੱਜਰੀ ਦੀ ਮਾਤਰਾ ਸਿਰਫ਼ 90 ਮੀਟ੍ਰਿਕ ਟਨ ਜ਼ਿਆਦਾ ਵਿਖਾਈ ਗਈ ਹੈ, ਜਿਸ ਦੀ ਰਕਮ 1.61 ਲੱਖ ਰੁਪਏ ਬਣਦੀ ਹੈ। ਇਸ ਤਰ੍ਹਾਂ ਵਿਜੀਲੈਂਸ ਨੇ ਕੁੱਲ 9.16 ਲੱਖ ਰੁਪਏ ਦਾ ਫਰਕ ਕੱਢਿਆ ਹੈ। ਵਿਜੀਲੈਂਸ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨਿਗਮ ਨੂੰ ਜੋ ਵਿੱਤੀ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਸਬੰਧਤ ਠੇਕੇਦਾਰ ਕੰਪਨੀ ਤੋਂ ਕੀਤੀ ਜਾਵੇ। ਇਸ ਮਾਮਲੇ ਵਿਚ ਵਿਜੀਲੈਂਸ ਨੇ ਨਿਗਮ ਤੋਂ ਰਿਟਾਇਰਡ ਹੋ ਚੁੱਕੇ ਅਧਿਕਾਰੀਆਂ ਗੁਰਚਰਨ ਸਿੰਘ, ਭਾਰਤ ਭੂਸ਼ਨ ਆਦਿ ਦੇ ਖ਼ਿਲਾਫ਼ ਵਿਭਾਗੀ ਕਾਰਵਾਈ ਕਰਨ ਦੀ ਸਿਫ਼ਾਰਿਸ਼ ਕੀਤੀ ਹੈ ਪਰ ਪਤਾ ਲੱਗਾ ਹੈ ਕਿ ਲੋਕਲ ਬਾਡੀਜ਼ ਵਿਭਾਗ ਦੇ ਅਧਿਕਾਰੀਆਂ ਨੇ ਰਿਟਾਇਰਡ ਹੋ ਚੁੱਕੇ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦਾ ਫ਼ੈਸਲਾ ਲੈ ਲਿਆ ਹੈ।

# Love Marriage ਕਰਵਾ ਕੇ ਸੁਰੱਖਿਆ ਲੈਣ ਹਾਈ ਕੋਰਟ ਪਹੁੰਚਿਆ ਜੋੜਾ




ਪੰਜਾਬ ਦੀ ਇਕ ਕੁੜੀ ਵੱਲੋਂ ਮੱਧ ਪ੍ਰਦੇਸ਼ ਦੇ ਮੁੰਡੇ ਨਾਲ Love Marriage ਕਰਨ ਮਗਰੋਂ ਪਰਿਵਾਰ ਤੋਂ ਸੁਰੱਖਿਆ ਲਈ ਹਾਈ ਕੋਰਟ ਦਾ ਰੁਖ਼ ਕੀਤਾ ਗਿਆ ਸੀ, ਪਰ ਹਾਈ ਕੋਰਟ ਵੱਲੋਂ ਪਟੀਸ਼ਨ ਦੀ ਭਰੋਸੇਯੋਗਤਾ 'ਤੇ ਚੁੱਕੇ ਸਵਾਲਾਂ ਮਗਰੋਂ ਤੁਰੰਤ ਹੀ ਅਰਜ਼ੀ ਵਾਪਸ ਲੈ ਲਈ ਗਈ। ਹਾਈਕੋਰਟ ਨੇ ਪਟੀਸ਼ਨ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪਟੀਸ਼ਨ ਦਾਇਰ ਕਰਨ ਵਾਲੀ ਕੁੜੀ ਪੰਜਾਬ ਦੀ ਹੈ, ਮੁੰਡਾ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਹੈ ਅਤੇ ਨਿਕਾਹ ਦੇ ਦੋ ਗਵਾਹ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਹਨ। ਵਿਆਹ ਦਾ ਸਰਟੀਫਿਕੇਟ ਦੇਣ ਵਾਲਾ ਕਾਜ਼ੀ ਪਿੰਜੌਰ (ਹਰਿਆਣਾ) ਦਾ ਰਹਿਣ ਵਾਲਾ ਹੈ। ਅਜਿਹੇ 'ਚ ਇਹ ਸਾਰਾ ਮਾਮਲਾ ਮਨਘੜਤ ਜਾਪਦਾ ਹੈ। ਜਸਟਿਸ ਸੰਦੀਪ ਮੌਦਗਿਲ ਨੇ ਕਿਹਾ ਕਿ ਪਟੀਸ਼ਨ ਨਾਲ ਨੱਥੀ ਤਸਵੀਰਾਂ ਵਿਚ ਨਾ ਤਾਂ ਕਾਜ਼ੀ ਅਤੇ ਨਾ ਹੀ ਦੋਵੇਂ ਗਵਾਹ ਕਿਤੇ ਵੀ ਦਿਖਾਈ ਦੇ ਰਹੇ ਹਨ। ਅਜਿਹੇ 'ਚ ਸਾਰੀ ਕਹਾਣੀ ਸਵਾਲਾਂ ਦੇ ਘੇਰੇ 'ਚ ਹੈ। ਇਸ 'ਤੇ ਪਟੀਸ਼ਨਕਰਤਾ ਪੱਖ ਦੇ ਵਕੀਲ ਨੇ ਤੁਰੰਤ ਅਦਾਲਤ ਨੂੰ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ। ਹਾਈ ਕੋਰਟ ਨੇ ਪਟੀਸ਼ਨ ਵਾਪਸ ਲੈਣ ਦੀ ਮੰਗ ਨੂੰ ਸਵੀਕਾਰ ਕਰ ਲਿਆ ਅਤੇ ਪਟੀਸ਼ਨ ਵਾਪਸ ਲੈਣ 'ਤੇ ਕੇਸ ਨੂੰ ਖਾਰਜ ਕਰਾਰ ਦਿੱਤਾ। ਹਾਈ ਕੋਰਟ ਨੇ ਕਿਹਾ ਕਿ ਪਟੀਸ਼ਨ ਨਾਲ ਜੁੜੀਆਂ ਤਸਵੀਰਾਂ 'ਚ ਵਿਆਹੁਤਾ ਜੋੜਾ ਡਬਲ ਬੈੱਡ 'ਤੇ ਬੈਠ ਕੇ ਕੁਝ ਦਸਤਾਵੇਜ਼ਾਂ 'ਤੇ ਦਸਤਖਤ ਕਰ ਰਿਹਾ ਹੈ। ਨਾਲ ਹੀ ਕੋਈ ਗਵਾਹ ਜਾਂ ਕਾਜ਼ੀ ਨਜ਼ਰ ਨਹੀਂ ਆਉਂਦਾ। ਅਜਿਹੇ 'ਚ ਸਪੱਸ਼ਟ ਹੈ ਕਿ ਅਦਾਲਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੋਈ ਵੀ ਅਦਾਲਤ ਇਸ ਤਰ੍ਹਾਂ ਦੀ ਕਹਾਣੀ ਨੂੰ ਸਵੀਕਾਰ ਨਹੀਂ ਕਰੇਗੀ। ਇਸ ਤਰ੍ਹਾਂ ਪਟੀਸ਼ਨਰ ਜਾਅਲਸਾਜ਼ੀ ਅਤੇ ਅਦਾਲਤ ਦੀ ਮਾਣਹਾਨੀ ਦਾ ਜੁਰਮ ਕਰ ਰਹੇ ਹਨ।ਮਾਮਲਾ ਸ੍ਰੀ ਮੁਕਤਸਰ ਸਾਹਿਬ ਦੀ ਰਹਿਣ ਵਾਲੀ ਇਕ ਲੜਕੀ ਦਾ ਹੈ, ਜਿਸ ਨੇ ਪਟੀਸ਼ਨ ਦਾਇਰ ਕਰਕੇ ਕਿਹਾ ਸੀ ਕਿ ਉਹ ਮੁਸਲਮਾਨ ਹੈ ਅਤੇ ਉਸ ਨੇ ਆਪਣੀ ਮਰਜ਼ੀ ਨਾਲ ਨਿਕਾਹ ਕਰਵਾਇਆ ਹੈ। ਉਸ ਦਾ ਪਰਿਵਾਰ ਇਸ ਨਿਕਾਹ ਤੋਂ ਖੁਸ਼ ਨਹੀਂ ਹੈ ਅਤੇ ਇਸ ਲਈ ਉਸ ਨੂੰ ਆਪਣੇ ਪਰਿਵਾਰ ਤੋਂ ਆਪਣੀ ਜਾਨ ਦਾ ਖ਼ਤਰਾ ਹੈ। ਅਜਿਹੀ ਸਥਿਤੀ ਵਿਚ ਉਸ ਦੀ ਅਤੇ ਉਸ ਦੇ ਪਤੀ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ।

# DC ਥੋਰੀ ਨੇ ਵੱਖ-ਵੱਖ ਵਿਭਾਗਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ



ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ’ਚ ਤੇਜ਼ੀ ਲਿਆਂਦੀ ਜਾਵੇ ਅਤੇ ਲੋਕਾਂ ਦੇ ਮਸਲੇ ਪਹਿਲ ਦੇ ਆਧਾਰ ’ਤੇ ਹੱਲ ਕੀਤੇ ਜਾਣ।ਡੀ. ਸੀ. ਥੋਰੀ ਨੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਹੋਏ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਦੇ ਖੇਤਰਾਂ ’ਚ ਇੰਤਕਾਲ ਪੈਂਡਿੰਗ ਪਏ ਹਨ, ਉਨ੍ਹਾਂ ਨੂੰ ਨਿੱਜੀ ਧਿਆਨ ਦੇ ਕੇ ਨੇਪਰੇ ਚਾੜ੍ਹਿਆ ਜਾਵੇ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਹ ਆਮ ਵੇਖਣ ’ਚ ਆ ਰਿਹਾ ਹੈ ਕਿ ਰਜਿਸਟਰੀ ਕਰਵਾਉਣ ਸਮੇਂ ਲੋਕਾਂ ਵੱਲੋਂ ਇੰਤਕਾਲ ਨਹੀਂ ਕਰਵਾਇਆ ਜਾਂਦਾ, ਜਿਸ ਕਰਕੇ ਵਿਭਾਗ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਡੀ. ਸੀ. ਥੋਰੀ ਨੇ ਸੇਵਾ ਕੇਂਦਰਾਂ ਦੇ ਕੰਮ ਦਾ ਜਾਇਜ਼ਾ ਲੈਣ ਉਪਰੰਤ ਦੱਸਿਆ ਕਿ ਇਸ ਸਮੇਂ ਸੇਵਾ ਕੇਂਦਰਾਂ ਦੀ ਪੈਂਡੈਸੀ ਕੇਵਲ ਨਾਂਹ ਦੇ ਬਰਾਬਰ ਹੈ ਅਤੇ ਇਸ ਕੰਮ ਨੂੰ ਇਸ ਤਰ੍ਹਾਂ ਹੀ ਜਾਰੀ ਰੱਖਿਆ ਜਾਵੇ ਕਿ ਕੋਈ ਵੀ ਪੈਂਡੈਸੀ ਨਾ ਰਹੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਅਕਸ਼ ਆਪਣੇ ਕੀਤੇ ਕੰਮਾਂ ਨਾਲ ਹੀ ਬਣਨਾ ਹੁੰਦਾ ਹੈ, ਇਸ ਲਈ ਦਫ਼ਤਰਾਂ ਵਿਚ ਆਪਣੇ ਕੰਮਾਂ ਲਈ ਆਉਂਦੇ ਲੋਕਾਂ ਨਾਲ ਸਲੀਕੇ ਨਾਲ ਪੇਸ਼ ਆਇਆ ਜਾਵੇ ਅਤੇ ਕਾਇਦੇ ਵਿਚ ਰਹਿੰਦੇ ਹੋਏ ਉਨ੍ਹਾਂ ਦੇ ਕੰਮ ਕੀਤੇ ਜਾਣ, ਨਾ ਕਿ ਵਾਰ-ਵਾਰ ਦਫ਼ਤਰ ਆਉਣ ਲਈ ਮਜ਼ਬੂਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਫਾਈਲਾਂ ਦੇ ਨਬੇੜੇ ਦੇ ਨਾਲ-ਨਾਲ ਦਫ਼ਤਰ ਆਏ ਆਮ ਲੋਕਾਂ ਦੇ ਕੰਮ ਕਰਨੇ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।

# ਕੇਂਦਰ ਦਾ ਦੋਸ਼- ਪੰਜਾਬ ਨੇ ਨਹੀਂ ਕੀਤੀ ਆਯੂਸ਼ਮਾਨ ਭਾਰਤ ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ



ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਰਾਜ ਸਭਾ ਨੂੰ ਦੱਸਿਆ ਕਿ ਪੰਜਾਬ ਨੇ ਹੁਣ ਆਯੂਸ਼ਮਾਨ ਆਰੋਗਿਆ ਮੰਦਰ ਵਜੋਂ ਜਾਣੇ ਜਾ ਰਹੇ ਆਯੂਸ਼ਮਾਨ ਭਾਰਤ-ਸਿਹਤ ਅਤੇ ਕਲਿਆਣ ਕੇਂਦਰ ਲਈ ਤੈਅ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਹੈ, ਜੋ 2023-24 ਦੇ ਪੂੰਜੀ ਨਿਵੇਸ਼ ਲਈ ਸੂਬਿਆਂ ਨੂੰ ਵਿਸ਼ੇਸ਼ ਸਹਾਇਤਾ ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਹੈ। ਸਿਹਤ ਰਾਜ ਮੰਤਰੀ ਅਨੁਪ੍ਰਿਆ ਪਟੇਲ ਨੇ ਰਾਜ ਸਭਾ ਨੂੰ ਇਕ ਸਵਾਲ ਦੇ ਲਿਖਤੀ ਜਵਾਬ ’ਚ ਦੱਸਿਆ ਕਿ ਰਾਸ਼ਟਰੀ ਸਿਹਤ ਮਿਸ਼ਨ (ਐੱਨ. ਐੱਚ. ਐੱਮ.) ਦੇ ਤਹਿਤ ਵਿੱਤੀ ਸਾਲ 2023-24 ਲਈ 457.90 ਕਰੋੜ ਰੁਪਏ ਦੇ ਕੁਲ ਕੇਂਦਰੀ ਹਿੱਸੇ ਦੀ ਅਲਾਟਮੈਂਟ ’ਚੋਂ ਪੰਜਾਬ ਨੂੰ 91.49 ਕਰੋੜ ਰੁਪਏ ਜਾਰੀ ਕੀਤੇ ਗਏ।ਪਟੇਲ ਨੇ ਕਿਹਾ ਕਿ ਖ਼ਰਚਾ ਵਿਭਾਗ ਇਹ ਨਿਰਧਾਰਤ ਕਰਦਾ ਹੈ ਕਿ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 2023-24 ਦੇ ਪੂੰਜੀ ਨਿਵੇਸ਼ ਲਈ ਸੂਬਿਆਂ ਨੂੰ ਵਿਸ਼ੇਸ਼ ਸਹਾਇਤਾ ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਹੋਵੇਗੀ।

# ਪਹਿਲੀ ਵਾਰ ਯੁਵਰਾਜ ਹੰਸ ਨੂੰ ਧੀ ਨੇ ਕਿਹਾ 'ਪਾਪਾ', ਗਾਇਕ ਨੇ ਸਾਂਝੀ ਕੀਤੀ ਕਿਊਟ ਵੀਡੀਓ



ਮਸ਼ਹੂਰ ਪੰਜਾਬੀ ਗਾਇਕ ਯੁਵਰਾਜ ਹੰਸ ਤੇ ਉਨ੍ਹਾਂ ਦੀ ਪਤਨੀ ਮਾਨਸੀ ਸ਼ਰਮਾ ਕੁਝ ਸਮੇਂ ਪਹਿਲਾਂ ਹੀ ਦੂਜੀ ਵਾਰ ਮਾਤਾ ਪਿਤਾ ਬਣੇ ਹਨ। ਮਾਨਸੀ ਸ਼ਰਮਾ ਨੇ ਇੱਕ ਪਿਆਰੀ ਜਿਹੀ ਧੀ ਨੂੰ ਜਨਮ ਦਿੱਤਾ। ਹਾਲ ਹੀ 'ਚ ਇਸ ਯੁਵਰਾਜ ਹੰਸ ਨੇ ਆਪਣੀ ਧੀ ਨਾਲ ਬਹੁਤ ਹੀ ਕਿਊਟ ਵੀਡੀਓ ਸਾਂਝੀ ਕੀਤੀ ਹੈ, ਜਿਸ ਨੂੰ ਫੈਨਜ਼ ਕਾਫ਼ੀ ਪਸੰਦ ਕਰ ਰਹੇ ਹਨ। ਗਾਇਕੀ ਤੇ ਅਦਾਕਾਰੀ ਦੇ ਨਾਲ-ਨਾਲ ਯੁਵਰਾਜ ਹੰਸ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੇ ਹਨ। ਉਹ ਅਕਸਰ ਹੀ ਆਪਣੀ ਪਤਨੀ ਮਾਨਸੀ ਸ਼ਰਮਾ ਤੇ ਬੱਚਿਆਂ ਨਾਲ ਤਸਵੀਰਾਂ ਤੇ ਵੀਡੀਓ ਸ਼ੇਅਰ ਕਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਹ ਅਕਸਰ ਹੀ ਆਪਣੇ ਫੈਨਜ਼ ਨਾਲ ਅਪਕਮਿੰਗ ਪ੍ਰੋਜੈਕਟ ਬਾਰੇ ਵੀ ਜਾਣਕਾਰੀ ਸਾਂਝੀ ਕਰਦੇ ਰਹਿੰਦੇ ਹਨ। ਹਾਲ ਹੀ 'ਚ ਯੁਵਰਾਜ ਹੰਸ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ 'ਤੇ ਆਪਣੀ ਧੀ ਦੀ ਪਿਆਰੀ ਜਿਹੀ ਵੀਡੀਓ ਸਾਂਝੀ ਕੀਤੀ ਹੈ। ਕੁਝ ਮਿੰਟ ਪਹਿਲਾ ਹੀ ਯੁਵਰਾਜ ਹੰਸ ਨੇ ਆਪਣੀ ਧੀ ਨਾਲ ਗੱਲਾਂ ਕਰਦੇ ਹੋਏ ਹਨ। ਇਸ ਵੀਡੀਓ 'ਚ ਤੁਸੀਂ ਵੇਖ ਸਕਦੇ ਹੋ ਕਿ ਯੁਵਰਾਜ ਹੰਸ ਧੀ ਨਿੱਕੀ ਜਿਹੀ ਧੀ ਨੇ ਪਹਿਲੀ ਵਾਰ ਪਾਪਾ ਸ਼ਬਦ ਬੋਲਿਆ, ਜਿਸ ਨੂੰ ਸੁਣ ਕੇ ਗਾਇਕ ਕਾਫੀ ਖੁਸ਼ ਹੁੰਦੇ ਹੋਏ ਨਜ਼ਰ ਆਏ। ਇਸ ਨਾਲ ਹੀ ਉਨ੍ਹਾਂ ਨੇ ਆਪਣੇ ਬੇਟੇ ਨਾਲ ਵੀ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ ਉਹ ਕਿਊਟ ਅੰਦਾਜ਼ 'ਚ ਸ਼ਿਕਾਇਤ ਕਰਦਾ ਨਜ਼ਰ ਆ ਰਿਹਾ ਹੈ। ਯੁਵਰਾਜ ਦੀ ਪਤਨੀ ਮਾਨਸੀ ਸ਼ਰਮਾ ਪੰਜਾਬੀ ਫ਼ਿਲਮਾਂ ਨਾਲ-ਨਾਲ ਕਈ ਟੀ. ਵੀ. ਸੀਰੀਅਲਜ਼ 'ਚ ਵੀ ਕੰਮ ਕਰ ਚੁੱਕੀ ਹੈ। ਮਾਨਸੀ ਸ਼ਰਮਾ ਨੂੰ ਟੀ. ਵੀ. ਸੀਰੀਅਲ 'ਛੋਟੀ ਸਰਦਾਰਨੀ' 'ਚ ਦੇਖਿਆ ਗਿਆ ਸੀ, ਜਿਸ ਤੋਂ ਬਾਅਦ ਉਹ ਸੁਰਖੀਆਂ 'ਚ ਆਈ। ਜੇਕਰ ਯੁਵਰਾਜ ਦੇ ਵਕਰ ਫਰੰਟ ਦੀ ਗੱਲ ਕਰੀਏ ਤਾਂ ਉਹ ਗਾਇਕੀ ਦੇ ਨਾਲ-ਨਾਲ ਅਦਾਕਾਰੀ ਦੇ ਖ਼ੇਤਰ 'ਚ ਵੀ ਸਰਗਰਮ ਹਨ ਅਤੇ ਹੁਣ ਤੱਕ ਕਈ ਫ਼ਿਲਮਾਂ 'ਚ ਕੰਮ ਕਰ ਚੁੱਕੇ ਹਨ। ਉਥੇ ਹੀ ਯੁਵਰਾਜ ਹੰਸ ਅਤੇ ਮਾਨਸੀ ਸ਼ਰਮਾ ਦੀ ਜੋੜੀ ਪੰਜਾਬੀ ਇੰਡਸਟਰੀ ਦੀਆਂ ਮਸ਼ਹੂਰ ਜੋੜੀਆਂ 'ਚੋਂ ਇੱਕ ਹੈ। ਦੋਵੇਂ ਕਿਸੇ ਪਛਾਣ ਦੇ ਮੋਹਤਾਜ਼ ਨਹੀਂ ਹਨ।

# ਅਦਾਕਾਰ ਬਿਨੂੰ ਢਿੱਲੋਂ ਨੇ ਸ਼ੁਰੂ ਕੀਤੀ ਨਵੀਂ ਫ਼ਿਲਮ ਦੀ ਸ਼ੂਟਿੰਗ



ਪੰਜਾਬੀ ਅਦਾਕਾਰ ਬਿਨੂੰ ਢਿੱਲੋਂ ਆਪਣੀ ਦਮਦਾਰ ਅਦਾਕਾਰੀ ਲਈ ਮਸ਼ਹੂਰ ਹਨ। ਫ਼ਿਲਮ 'ਕੈਰੀ ਆਨ ਜੱਟਾ 3' ਤੋਂ ਬਾਅਦ ਬਿਨੂੰ ਢਿੱਲੋਂ ਜਲਦ ਹੀ ਆਪਣੀ ਨਵੀਂ ਫ਼ਿਲਮ 'ਖੁਸ਼ਖਬਰੀ' ਰਾਹੀਂ ਦਰਸ਼ਕਾਂ ਦੇ ਰੁਬਰੂ ਹੋਣ ਜਾ ਰਹੇ ਹਨ। ਇਸ ਬਾਰੇ ਜਾਣਕਾਰੀ ਖੁਦ ਅਦਾਕਾਰ ਵੱਲੋਂ ਵੀਡੀਓ ਸ਼ੇਅਰ ਕਰਕੇ ਦਿੱਤ ਗਈ ਹੈ। ਦੱਸ ਦਈਏ ਕਿ ਬਿਨੂੰ ਢਿੱਲੋਂ ਅਦਾਕਾਰੀ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਐਕਟਿਵ ਰਹਿੰਦੇ ਹਨ। ਉਹ ਅਕਸਰ ਹੀ ਆਪਣੇ ਫੈਨਜ਼ ਨੂੰ ਆਪਣੇ ਨਵੇਂ ਪ੍ਰੋਜੈਕਟਸ ਤੇ ਫ਼ਿਲਮਾਂ ਬਾਰੇ ਅਪਡੇਟ ਸ਼ੇਅਰ ਕਰਦੇ ਰਹਿੰਦੇ ਹਨ। ਹਾਲ ਹੀ 'ਚ ਬਿਨੂੰ ਢਿੱਲੋਂ ਨੇ ਆਪਣੀ ਨਵੀਂ ਫ਼ਿਲਮ ਖੁਸ਼ਖਬਰੀ ਦਾ ਐਲਾਨ ਕੀਤਾ ਹੈ। ਹੁਣ ਇਸ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋ ਚੁੱਕੀ ਹੈ, ਜਿਸ ਦੀ ਜਾਣਕਾਰੀ ਖ਼ੁਦ ਬਿਨੂੰ ਢਿੱਲੋਂ ਨੇ ਆਪਣੇ ਅਧਿਕਾਰਿਤ ਇੰਸਟਾਗ੍ਰਾਮ ਅਕਾਊਂਟ 'ਤੇ ਵੀਡੀਓ ਸਾਂਝੀ ਕਰਕੇ ਦਿੱਤੀ ਹੈ। ਇਸ ਵੀਡੀਓ 'ਚ ਤੁਸੀਂ ਫ਼ਿਲਮ ਦਾ ਮਹੂਰਤ ਹੁੰਦੇ ਹੋਏ ਵੇਖ ਸਕਦੇ ਹੋ, ਜਿਸ ਨੂੰ ਕਿ ਕਿਸੇ ਵੀ ਫ਼ਿਲਮ ਦੀ ਸ਼ੂਟਿੰਗ ਤੋਂ ਪਹਿਲਾਂ ਕੀਤਾ ਜਾਂਦਾ ਹੈ। ਇਸ ਦੌਰਾਨ ਬਿਨੂੰ ਢਿੱਲੋਂ ਸਣੇ ਸੈੱਟ 'ਤੇ ਕਈ ਹੋਰ ਪੰਜਾਬੀ ਕਲਾਕਾਰ ਮੌਜੂਦ ਹਨ। ਇਸ ਵੀਡੀਓ 'ਚ ਨਿਰਮਲ ਰਿਸ਼ੀ ਜੀ ਸੈੱਟ 'ਤੇ ਪੂਜਾ ਕਰਕੇ ਅਤੇ ਅਰਦਾਸ ਕਰਦੇ ਹੋਏ ਨਜ਼ਰ ਆ ਰਹੇ ਹਨ।

# ਹਾਰਦਿਕ ਦੇ ਨਾਲ ਤਲਾਕ ਤੋਂ ਬਾਅਦ ਨਤਾਸ਼ਾ ਨੇ ਮਨਾਇਆ ਪੁੱਤਰ ਦਾ ਜਨਮ ਦਿਨ




ਹਾਰਦਿਕ ਪੰਡਿਆ ਦੇ ਨਾਲ ਨਤਾਸ਼ਾ ਦਾ ਤਲਾਕ ਹੋ ਗਿਆ । ਜਿਸ ਤੋਂ ਬਾਅਦ ਉਹ ਆਪਣੇ ਮੁਲਕ 'ਚ ਬੇਟੇ ਨੂੰ ਲੈ ਕੇ ਚਲੀ ਗਈ ਹੈ। ਜਿਸ ਦੀਆਂ ਬੀਤੇ ਦਿਨੀਂ ਤਸਵੀਰਾਂ ਵੀ ਵਾਇਰਲ ਹੋਈਆਂ ਸਨ। ਹੁਣ ਉਸ ਨੇ ਆਪਣੇ ਪੁੱਤਰ ਦਾ ਜਨਮਦਿਨ ਮਨਾਇਆ ਹੈ।ਉਸ ਨੇ ਪੁੱਤਰ ਦੇ ਜਨਮ ਦਿਨ 'ਤੇ ਇੱਕ ਪੋਸਟ ਵੀ ਸਾਂਝੀ ਕੀਤੀ ਹੈ। ਜਿਸ ਨੂੰ ਸਾਂਝਾ ਕਰਦੇ ਹੋਏ ਉਸ ਨੇ ਲਿਖਿਆ 'ਮੇਰੇ ਬੇਟੇ, ਤੁਸੀਂ ਮੇਰੀ ਜ਼ਿੰਦਗੀ 'ਚ ਸ਼ਾਂਤੀ, ਪਿਆਰ ਅਤੇ ਖੁਸ਼ੀ ਲੈ ਕੇ ਆਏ । ਮੇਰੇ ਸੁੰਦਰ ਬੇਟੇ ਤੂੰ ਬਹੁਤ ਵਧੀਆ ਹੈਂ।ਬਹੁਤ ਪਿਆਰਾ...ਹਮੇਸ਼ਾ ਇਸੇ ਤਰ੍ਹਾਂ ਰਹੋ ।ਮੈਂ ਹਮੇਸ਼ਾ ਤੇਰੇ ਨਾਲ ਰਹਾਂਗੀ। ਹੱਥਾਂ 'ਚ ਹੱਥ ਪਾ ਕੇ ਮੈਂ ਤੈਨੂੰ ਪਿਆਰ ਕਰਦੀ ਹਾਂ'।ਨਤਾਸ਼ਾ ਦੀ ਇਸ ਪੋਸਟ 'ਤੇ ਫੈਨਸ ਦੇ ਵੱਲੋਂ ਵੀ ਰਿਐਕਸ਼ਨ ਆ ਰਹੇ ਹਨ । ਨਤਾਸ਼ਾ ਨੇ ਆਪਣੇ ਬੇਟੇ ਦਾ ਚੌਥਾ ਜਨਮ ਦਿਨ ਸੈਲੀਬ੍ਰੇਟ ਕੀਤਾ ਹੈ। ਉਸ ਨੇ ਬਰਥਡੇ ਸੈਲੀਬ੍ਰੇਸ਼ਨ ਦੀਆਂ ਤਸਵੀਰਾਂ ਵੀ ਇੰਸਟਾਗ੍ਰਾਮ 'ਤੇ ਸਾਂਝੀਆਂ ਕੀਤੀਆਂ ਹਨ । ਪਹਿਲੀ ਤਸਵੀਰ 'ਚ ਨਤਾਸ਼ਾ ਜ਼ੂ 'ਚ ਇਨਜੁਆਏ ਕਰਦੀ ਹੋਈ ਦਿਖਾਈ ਦੇ ਰਹੀ ਹੈ, ਜਦੋਂਕਿ ਦੂਜੀ ਤਸਵੀਰ 'ਚ ਨਤਾਸ਼ਾ ਨੇ ਆਪਣੇ ਪੁੱਤਰ ਨੂੰ ਚੁੱਕਿਆ ਹੋਇਆ ਹੈ।ਇੱਕ ਤਸਵੀਰ 'ਚ ਦੋਵਾਂ ਦੀ ਸ਼ੈਡੋ ਨਜ਼ਰ ਆ ਰਹੀ ਹੈ।ਜਿਸ 'ਚ ਮਾਂ ਪੁੱਤਰ ਇੱਕ ਦੂਜੇ ਦਾ ਹੱਥ ਫੜ੍ਹੇ ਹੋਏ ਦਿਖਾਈ ਦੇ ਰਹੇ ਹਨ । ਦੱਸ ਦਈਏ ਕਿ ਇਸ ਜੋੜੀ ਨੇ ਕੁਝ ਸਮਾਂ ਪਹਿਲਾਂ ਵਿਆਹ ਕਰਵਾਇਆ ਸੀ । ਜਿਸ ਤੋਂ ਬਾਅਦ ਕੁਝ ਸਮਾਂ ਤਾਂ ਠੀਕ ਚੱਲਿਆ ਪਰ ਹਾਲ ਹੀ 'ਚ ਦੋਵਾਂ ਨੇ ਇੱਕ ਦੂਜੇ ਤੋਂ ਵੱਖ ਹੋਣ ਦਾ ਫੈਸਲਾ ਕਰ ਲਿਆ ਸੀ।

# ਐਮੀ ਵਿਰਕ ਅਤੇ ਸੋਨਮ ਬਾਜਵਾ ਇਸ ਦਿਨ ਸਿਨੇਮਾਘਰਾਂ 'ਚ 'ਨਿੱਕਾ ਜ਼ੈਲਦਾਰ 4' ਨਾਲ ਲਾਉਣਗੇ ਰੌਣਕਾਂ




ਪੰਜਾਬੀ ਸਿਨੇਮਾ ਦੀਆਂ ਆਗਾਮੀ ਅਤੇ ਬਹੁ-ਚਰਚਿਤ ਫ਼ਿਲਮਾਂ 'ਚ ਸ਼ਾਮਲ 'ਨਿੱਕਾ ਜ਼ੈਲਦਾਰ 4' ਦੀ ਰਿਲੀਜ਼ਿੰਗ ਦਾ ਐਲਾਨ ਕਰ ਦਿੱਤਾ ਗਿਆ ਹੈ, ਜੋ ਕਿ 7 ਮਾਰਚ 2025 ਨੂੰ ਵਰਲਡ-ਵਾਈਡ ਜਾਰੀ ਕੀਤੀ ਜਾ ਰਹੀ ਹੈ। ਹਾਲ ਹੀ ਰਿਲੀਜ਼ ਹੋਈ ਅਤੇ ਸੁਪਰ-ਡੁਪਰ ਹਿੱਟ ਰਹੀ 'ਜੱਟ ਐਂਡ ਜੂਲੀਅਟ 3' ਦਾ ਨਿਰਮਾਣ ਕਰ ਚੁੱਕੇ 'ਵਾਈਟ ਹਿੱਲ ਸਟੂਡਿਓਜ਼' ਵੱਲੋਂ 'ਪਟਿਆਲਾ ਮੋਸ਼ਨ ਪਿਕਚਰਜ਼' ਦੇ ਸੁਯੰਕਤ ਨਿਰਮਾਣ ਅਧੀਨ ਬਣਾਈ ਗਈ ਉਕਤ ਫ਼ਿਲਮ ਦਾ ਲੇਖਨ ਜਗਦੀਪ ਸਿੱਧੂ ਅਤੇ ਨਿਰਦੇਸ਼ਨ ਸਿਮਰਜੀਤ ਸਿੰਘ ਵੱਲੋਂ ਕੀਤਾ ਗਿਆ ਹੈ।ਕਾਮੇਡੀ-ਡਰਾਮਾ ਅਤੇ ਪਰਿਵਾਰਿਕ ਕਹਾਣੀਸਾਰ ਆਧਾਰਿਤ ਇਸ ਫ਼ਿਲਮ 'ਚ ਇੱਕ ਵਾਰ ਫਿਰ ਐਮੀ ਵਿਰਕ ਅਤੇ ਸੋਨਮ ਬਾਜਵਾ ਲੀਡ ਜੋੜੀ ਵਜੋਂ ਨਜ਼ਰ ਆਉਣਗੇ, ਜਿਨ੍ਹਾਂ ਤੋਂ ਇਲਾਵਾ ਨਿਰਮਲ ਰਿਸ਼ੀ, ਸੁਖਵਿੰਦਰ ਚਾਹਲ, ਗੁਰਮੀਤ ਸਾਜਨ, ਜਯੋਤੀ ਅਰੋੜਾ, ਨਿਸ਼ਾ ਬਾਨੋ ਸਮੇਤ ਕਈ ਹੋਰ ਨਾਮਵਰ ਕਲਾਕਾਰ ਵੀ ਮਹੱਤਵਪੂਰਨ ਅਤੇ ਸਪੋਰਟਿੰਗ ਭੂਮਿਕਾਵਾਂ ਅਦਾ ਕੀਤੀਆਂ ਗਈਆਂ ਹਨ। ਮੋਹਾਲੀ ਅਤੇ ਖਰੜ੍ਹ ਦੇ ਆਸ-ਪਾਸ ਦੇ ਇਲਾਕਿਆਂ 'ਚ ਫ਼ਿਲਮਾਈ ਗਈ ਉਕਤ ਫ਼ਿਲਮ ਐਮੀ ਵਿਰਕ ਅਤੇ ਸੋਨਮ ਬਾਜਵਾ ਦੀ ਇਕੱਠਿਆਂ ਲਗਾਤਾਰ ਅੱਠਵੀਂ ਪੰਜਾਬੀ ਫ਼ਿਲਮ ਹੋਵੇਗੀ, ਜੋ ਇਸ ਤੋਂ ਪਹਿਲਾਂ 'ਨਿੱਕਾ ਜ਼ੈਲਦਾਰ' ਸੀਰੀਜ਼ ਤੋਂ ਇਲਾਵਾ 'ਸ਼ੇਰ ਬੱਗਾ', 'ਮੁਕਲਾਵਾ', 'ਪੁਆੜਾ', 'ਕੁੜੀ ਹਰਿਆਣੇ ਵੱਲ ਦੀ' ਦਾ ਵੀ ਪ੍ਰਭਾਵੀ ਹਿੱਸਾ ਰਹੇ ਹਨ, ਜਿਨ੍ਹਾਂ ਦੀ ਸਕ੍ਰੀਨ ਜੋੜੀ ਅੱਜ ਦੀਆਂ ਸਭ ਤੋਂ ਪਸੰਦੀਦਾ ਅਤੇ ਹਿੱਟ ਜੋੜੀਆਂ 'ਚ ਸ਼ੁਮਾਰ ਕਰਵਾਉਂਦੀ ਹੈ। ਨਿਰਮਾਤਾ ਗੁਣਬੀਰ ਸਿੱਧੂ, ਮਨਮੋਰਡ ਸਿੱਧੂ, ਅਮਨੀਤ ਸ਼ੇਰ ਕਾਕੂ, ਰਮਨੀਤ ਸ਼ੇਰ ਵੱਲੋਂ ਬਿੱਗ ਸੈਟਅੱਪ ਅਧੀਨ ਬਣਾਈ ਗਈ ਉਕਤ ਮਲਟੀ-ਸਟਾਰਰ ਫ਼ਿਲਮ ਦਾ ਦਰਸ਼ਕਾਂ ਵੱਲੋਂ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੀ ਉਤਸੁਕਤਾ ਦਾ ਕਾਰਨ ਇਸ ਤੋਂ ਪਹਿਲਾਂ ਆਈਆਂ ਇਸੇ ਸੀਕਵਲ ਸੀਰੀਜ਼ ਦੀਆਂ ਤਿੰਨੋ ਫ਼ਿਲਮਾਂ 'ਨਿੱਕਾ ਜ਼ੈਲਦਾਰ', 'ਨਿੱਕਾ ਜ਼ੈਲਦਾਰ 2', 'ਨਿੱਕਾ ਜ਼ੈਲਦਾਰ 3' ਦੀ ਸੁਪਰ ਸਫ਼ਲਤਾ ਨੂੰ ਵੀ ਮੰਨਿਆ ਜਾ ਸਕਦਾ ਹੈ, ਜੋ ਦਰਸ਼ਕਾਂ ਦਾ ਭਰਪੂਰ ਮੰਨੋਰੰਜਨ ਕਰਨ 'ਚ ਪੂਰੀ ਤਰ੍ਹਾਂ ਸਫ਼ਲ ਰਹੀਆਂ ਸਨ।ਅੱਜ ਦੇ ਉੱਚ-ਕੋਟੀ ਲੇਖਕਾਂ ਅਤੇ ਨਿਰਦੇਸ਼ਕਾਂ 'ਚ ਅਪਣੀ ਮੌਜੂਦਗੀ ਦਰਜ ਕਰਵਾ ਰਹੇ ਜਗਦੀਪ ਸਿੱਧੂ ਦੇ ਕਰੀਅਰ ਨੂੰ ਸ਼ੁਰੂਆਤੀ ਮਜ਼ਬੂਤੀ ਦੇਣ ਵਾਲੀ ਇਸ ਫ਼ਿਲਮ ਸੀਰੀਜ਼ ਦੇ ਨਿਰਦੇਸ਼ਕ ਸਿਮਰਜੀਤ ਸਿੰਘ ਦੇ ਫ਼ਿਲਮੀ ਸਫ਼ਰ ਨੂੰ ਹੋਰ ਚਾਰ ਲਾਉਣ 'ਚ ਵੀ ਇਨ੍ਹਾਂ ਸੀਕਵਲ ਫ਼ਿਲਮਾਂ ਨੇ ਹੀ ਅਹਿਮ ਭੂਮਿਕਾ ਨਿਭਾਈ ਹੈ, ਜਿਨ੍ਹਾਂ ਦੋਹਾਂ ਦੀ ਸ਼ਾਨਦਾਰ ਬਤੌਰ ਲੇਖਕ ਅਤੇ ਨਿਰਦੇਸ਼ਕ ਕੈਮਿਸਟਰੀ ਇੱਕ ਵਾਰ ਫਿਰ ਨਵੇਂ ਅਯਾਮ ਸਿਰਜਣ ਜਾ ਰਹੀ ਹੈ।

# ਮਨਕੀਰਤ ਔਲਖ ਦੇ ਪੁੱਤ ਨੂੰ ਭੈਣਾਂ ਤੇ ਆਇਆ ਪਿਆਰ



ਪੰਜਾਬੀ ਗਾਇਕ ਮਨਕੀਰਤ ਔਲਖ ਦੇ ਘਰ ਬੀਤੇ ਦਿਨ ਜੁੜਵਾ ਧੀਆਂ ਦਾ ਜਨਮ ਹੋਇਆ ਹੈ, ਜਿਸ ਮਗਰੋਂ ਉਨ੍ਹਾਂ ਦੇ ਘਰ 'ਚ ਜਸ਼ਨ ਦਾ ਮਹੌਲ ਹੈ। ਉੱਥੇ ਹੀ ਗਾਇਕ ਮਨਕੀਰਤ ਔਲਖ ਨੇ ਬੀਤੇ ਦਿਨ ਧੀਆਂ ਨੂੰ ਹਸਪਤਾਲ ਤੋਂ ਘਰ ਲਿਆਂਦਾ ਅਤੇ ਧੀਆਂ ਦਾ ਗ੍ਰੈਂਡ ਵੈਲਕਮ ਕੀਤਾ। ਬੀਤੇ ਦਿਨ ਵੀ ਉਹ ਆਪਣੀ ਝੋਲੀ 'ਚ ਧੀ ਨੂੰ ਲਏ ਹੋਏ ਨਜ਼ਰ ਆਏ ਸਨ। ਹਾਲ ਹੀ 'ਚ ਉਨ੍ਹਾਂ ਨੇ ਇੱਕ ਹੋਰ ਵੀਡੀਓ ਸਾਂਝਾ ਕੀਤਾ ਹੈ, ਜਿਸ 'ਚ ਉਨ੍ਹਾਂ ਦਾ ਬੇਟਾ ਇਮਤਿਆਜ਼ ਔਲਖ ਆਪਣੀ ਭੈਣ ਨੂੰ ਆਪਣੀ ਝੋਲੀ 'ਚ ਲੈ ਕੇ ਬੈਠਾ ਨਜ਼ਰ ਆ ਰਿਹਾ ਹੈ।ਭਰਾ-ਭੈਣ ਦੇ ਇਸ ਕਿਊਟ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਫੈਨਜ਼ ਵਲੋਂ ਵੀ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਫੈਨਜ਼ ਵੀ ਇਸ 'ਤੇ ਆਪੋ-ਆਪਣੇ ਰਿਐਕਸ਼ਨ ਦਿੰਦੇ ਹੋਏ ਨਜ਼ਰ ਆ ਰਹੇ ਹਨ। ਮਨਕੀਰਤ ਔਲਖ ਦੇ ਵਰਕ ਫ੍ਰੰਟ ਦੀ ਗੱਲ ਕਰੀਏ ਤਾਂ ਉਹ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਇੰਡਸਟਰੀ 'ਚ ਸਰਗਰਮ ਹਨ ਪਰ ਗਾਇਕੀ ਦੇ ਖੇਤਰ 'ਚ ਆਉਣ ਤੋਂ ਪਹਿਲਾਂ ਉਹ ਭਲਵਾਨੀ ਕਰਦੇ ਹੁੰਦੇ ਸਨ। ਗਾਇਕੀ ਦੇ ਖੇਤਰ 'ਚ ਆਉਣ ਲਈ ਉਨ੍ਹਾਂ ਦੇ ਦਾਦਾ ਜੀ ਨੇ ਪ੍ਰੇਰਿਤ ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਗਾਇਕੀ ਦੇ ਖੇਤਰ 'ਚ ਵੀ ਤੂਤੀ ਬੋਲਣ ਲੱਗ ਪਈ।ਗਾਇਕੀ ਦੇ ਨਾਲ-ਨਾਲ ਮਨਕੀਰਤ ਜਲਦ ਹੀ ਅਦਾਕਾਰੀ ਕਰਦੇ ਹੋਏ ਵੀ ਨਜ਼ਰ ਆਉਣਗੇ।

# ਸੋਨੂੰ ਸੂਦ ਨੇ ਫ਼ਿਲਮ 'ਫਤਿਹ' ਪੋਸਟਰ ਜਾਰੀ ਕਰਕੇ ਰਿਲੀਜ਼ ਡੇਟ ਦਾ ਕੀਤਾ ਖੁਲਾਸਾ



ਬਾਲੀਵੁੱਡ ਦੇ ਦਮਦਾਰ ਅਦਾਕਾਰ ਸੋਨੂੰ ਸੂਦ ਅਤੇ ਖੂਬਸੂਰਤ ਅਦਾਕਾਰਾ ਜੈਕਲੀਨ ਫਰਨਾਂਡੀਜ਼ ਦੀ ਉਡੀਕੀ ਜਾ ਰਹੀ ਫ਼ਿਲਮ 'ਫਤਿਹ' ਦੀ ਰਿਲੀਜ਼ ਡੇਟ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਫਿਲਮ 10 ਜਨਵਰੀ ਨੂੰ ਸਿਨੇਮਾਘਰਾਂ 'ਚ ਦਸਤਕ ਦੇਵੇਗੀ। ਸੋਨੂੰ ਸੂਦ ਨੇ ਆਪਣੇ ਇੰਸਟਾਗ੍ਰਾਮ 'ਤੇ ਫ਼ਿਲਮ ਦਾ ਪੋਸਟਰ ਸ਼ੇਅਰ ਕਰਦੇ ਹੋਏ ਲਿਖਿਆ, "10 ਜਨਵਰੀ - ਫਤਿਹ। ਦੇਸ਼ ਦੀ ਸਰਵੋਤਮ ਐਕਸ਼ਨ ਫ਼ਿਲਮ ਲਈ ਤਿਆਰ ਹੋ ਜਾਓ।" ਪੋਸਟਰ 'ਚ ਸੋਨੂੰ ਸੂਦ ਅਤੇ ਜੈਕਲੀਨ ਫਰਨਾਂਡੀਜ਼ ਇਕੱਠੇ ਨਜ਼ਰ ਆ ਰਹੇ ਹਨ। ਦਰਸ਼ਕਾਂ ਨੂੰ ਦੋਵਾਂ ਦਾ ਦਮਦਾਰ ਅੰਦਾਜ਼ ਕਾਫੀ ਪਸੰਦ ਆ ਰਿਹਾ ਹੈ। 'ਫਤਿਹ' ਐਕਸ਼ਨ ਨਾਲ ਭਰਪੂਰ ਫ਼ਿਲਮ ਹੈ, ਜਿਸ 'ਚ ਸੋਨੂੰ ਸੂਦ ਐਕਸ਼ਨ ਹੀਰੋ ਦੀ ਭੂਮਿਕਾ 'ਚ ਨਜ਼ਰ ਆਉਣਗੇ। ਫ਼ਿਲਮ 'ਚ ਜੈਕਲੀਨ ਫਰਨਾਂਡੀਜ਼ ਵੀ ਅਹਿਮ ਭੂਮਿਕਾ ਨਿਭਾਉਂਦੀ ਨਜ਼ਰ ਆਵੇਗੀ।ਜ਼ੀ ਸਟੂਡੀਓ ਦੇ ਬੈਨਰ ਹੇਠ ਬਣੀ ਫ਼ਿਲਮ 'ਫਤਿਹ' ਦਾ ਨਿਰਦੇਸ਼ਨ ਖੁਦ ਸੋਨੂੰ ਸੂਦ ਨੇ ਕੀਤਾ ਹੈ। ਇਸ ਫ਼ਿਲਮ 'ਚ ਉਹ ਮੁੱਖ ਭੂਮਿਕਾ 'ਚ ਹੋਵੇਗੀ ਅਤੇ ਜੈਕਲੀਨ ਫਰਨਾਂਡਿਸ ਮਹਿਲਾ ਮੁੱਖ ਭੂਮਿਕਾ ਨਿਭਾਏਗੀ। ਸੋਨੂੰ ਸੂਦ ਨੇ ਆਖਰਕਾਰ ਅੱਜ 30 ਜੁਲਾਈ ਨੂੰ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ 'ਫਤਿਹ' ਦੀ ਰਿਲੀਜ਼ ਡੇਟ ਦਾ ਐਲਾਨ ਕਰ ਦਿੱਤਾ ਹੈ।ਇਹ ਫ਼ਿਲਮ ਅਗਲੇ ਸਾਲ 10 ਜਨਵਰੀ 2025 ਨੂੰ ਰਿਲੀਜ਼ ਹੋਵੇਗੀ। ਪ੍ਰਸ਼ੰਸਕਾਂ ਲਈ ਰਿਟਰਨ ਗਿਫਟ ਪੋਸਟ ਸ਼ੇਅਰ ਕਰਦੇ ਹੋਏ ਸੋਨੂੰ ਨੇ ਲਿਖਿਆ ਹੈ, '10 ਜਨਵਰੀ ਨੂੰ ਦੇਸ਼ ਦੀ ਸਰਵੋਤਮ ਐਕਸ਼ਨ ਫ਼ਿਲਮ ਲਈ ਤਿਆਰ ਰਹੋ'। ਜ਼ੀ ਸਟੂਡੀਓ ਨੇ ਆਪਣੀ ਪੋਸਟ ਦੇ ਕੈਪਸ਼ਨ 'ਚ ਲਿਖਿਆ ਹੈ, 'ਫਤਿਹ ਦੇ ਨਾਲ ਇੱਕ ਸ਼ਾਨਦਾਰ, ਅਣਦੇਖੇ, ਐਕਸ਼ਨ ਨਾਲ ਭਰਪੂਰ ਅਨੁਭਵ ਲਈ ਆਪਣੇ ਆਪ ਨੂੰ ਤਿਆਰ ਕਰੋ।'

# ਅਦਾਕਾਰਾ ਕੰਗਨਾ ਰਣੌਤ ਨੇ ਛੇੜਿਆ ਨਵਾਂ ਮੁੱਦਾ



ਬਾਲੀਵੁੱਡ ਦੀ 'ਕੰਟਰੋਵਰਸ਼ੀਅਲ ਕੁਈਨ' ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਬੀਜੇਪੀ ਸੰਸਦ ਕੰਗਨਾ ਰਣੌਤ ਹਮੇਸ਼ਾ ਆਪਣੇ ਬਿਆਨਾਂ ਕਾਰਨ ਸੁਰਖੀਆਂ 'ਚ ਰਹਿੰਦੀ ਹੈ। ਇਸ ਵਿਚਾਲੇ ਅਦਾਕਾਰਾ ਦੇ ਇੱਕ ਬਿਆਨ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ। ਦਰਅਸਲ, ਅਦਾਕਾਰਾ ਨੇ ਮੁਹੱਰਮ 'ਤੇ ਖੂਨ ਨਾਲ ਰੰਗੇ ਮੁਸਲਮਾਨਾਂ ਦੇ ਵੀਡੀਓ ਨੂੰ ਸ਼ੇਅਰ ਕੀਤਾ ਹੈ। ਇਸ ਵੀਡੀਓ ਨਾਲ ਕੰਗਨਾ ਨੇ ਕੁਝ ਅਜਿਹਾ ਲਿਖਿਆ ਹੈ, ਜਿਸ ਨਾਲ ਹੰਗਾਮਾ ਮਚ ਗਿਆ ਹੈ।ਵੀਡੀਓ ਸ਼ੇਅਰ ਕਰਦੇ ਹੋਏ ਉਨ੍ਹਾਂ ਨੇ ਇਸ ਨੂੰ ਅਜੀਬੋ-ਗਰੀਬ ਅਤੇ ਡਰਾਉਣਾ ਦੱਸਿਆ ਅਤੇ ਹਿੰਦੂਆਂ ਨੂੰ ਸਰਵਾਈਵ ਕਰਨ ਲਈ ਜ਼ਰੂਰੀ ਸਿਖਲਾਈ ਲੈਣ ਲਈ ਕਿਹਾ। ਇਸ ਤੋਂ ਬਾਅਦ ਯੂਜ਼ਰਸ ਗੁੱਸੇ 'ਚ ਆ ਗਏ। ਹਾਲਾਂਕਿ ਕੁਝ ਯੂਜ਼ਰਸ ਨੇ ਇਸ ਮੁੱਦੇ 'ਤੇ ਕੰਗਨਾ ਦਾ ਸਮਰਥਨ ਵੀ ਕੀਤਾ। ਦਰਅਸਲ, ਹਾਲ ਹੀ 'ਚ ਇੱਕ ਕਿੱਕ ਬਾਕਸਰ ਨੇ ਮੁਹੱਰਮ ਦਾ ਇੱਕ ਵੀਡੀਓ ਸ਼ੇਅਰ ਕੀਤਾ ਅਤੇ ਲਿਖਿਆ, 'ਇਹ ਕਿਸ ਤਰ੍ਹਾਂ ਦਾ ਜਸ਼ਨ ਹੈ? ਲਿਬਰਲ ਅਤੇ ਇਸਲਾਮਿਸਟ ਜਵਾਬ ਦੇਣਗੇ, ਇਹ ਸਭ ਤੋਂ ਸ਼ਾਂਤਮਈ ਜਸ਼ਨ ਹੈ। ਇਸ ਵੀਡੀਓ ਨੂੰ ਕੰਗਨਾ ਰਣੌਤ ਨੇ ਆਪਣੇ ਐਕਸ ਪਲੇਟਫਾਰਮ 'ਤੇ ਸ਼ੇਅਰ ਕੀਤਾ ਹੈ।

## ਅਮਰੀਕਾ 'ਚ ਤੇਲਗੂ ਵਿਦਿਆਰਥੀ ਨੂੰ 12 ਸਾਲ ਦੀ ਸਜ਼ਾ




ਸੰਯੁਕਤ ਰਾਜ ਅਮਰੀਕਾ ਵਿੱਚ 32 ਸਾਲ ਦੇ ਤੇਲਗੂ ਵਿਦਿਆਰਥੀ ਨੂੰ ਇੱਕ ਨਾਬਾਲਗ ਨੂੰ ਗੈਰ-ਕਾਨੂੰਨੀ ਜਿਨਸੀ ਗਤੀਵਿਧੀ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਵੇਰਵਿਆਂ 'ਤੇ ਮਿਲੀ ਜਾਣਕਾਰੀ ਮੁਤਾਬਕ ਤੇਲਗੂ ਨੋਜਵਾਨ ਵਿਦਿਆਰਥੀ ਵੀਜ਼ੇ 'ਤੇ ਸੰਯੁਕਤ ਰਾਜ ਅਮਰੀਕਾ ਗਿਆ ਸੀ। 20 ਸਤੰਬਰ, 2022 ਤੋਂ 6 ਅਕਤੂਬਰ, 2022 ਤੱਕ ਉਸ ਨੇ ਸੋਸ਼ਲ ਮੀਡੀਆ 'ਤੇ ਇੱਕ ਜਾਸੂਸ ਨੂੰ ਇੱਕ 13 ਸਾਲ ਦੀ ਲੜਕੀ ਦੇ ਰੂਪ ਵਿੱਚ ਟੈਕਸਟ ਕੀਤਾ। ਉਨ੍ਹਾਂ ਦੀਆਂ ਚੈਟਾਂ ਵਿੱਚ ਦੋਸ਼ੀ ਲਗਾਤਾਰ ਸਰੀਰਕ ਸਬੰਧ ਬਣਾਉਣ ਦੀ ਇੱਛਾ ਜ਼ਾਹਰ ਕਰਦਾ ਹੈ। ਉਸ ਨੇ ਜਾਸੂਸ ਨੂੰ ਅਸ਼ਲੀਲ ਤਸਵੀਰਾਂ ਅਤੇ ਵੀਡੀਓ ਵੀ ਭੇਜੇ, ਜਿਸ ਨੇ ਆਪਣੇ ਆਪ ਨੂੰ ਇੱਕ ਲੜਕੀ ਵਜੋਂ ਪੇਸ਼ ਕੀਤਾ। ਮੁਲਜ਼ਮ ਨੇ ਲੜਕੀ ਨੂੰ ਲਗਾਤਾਰ ਮਿਲਣ ਲਈ ਕਿਹਾ ਅਤੇ ਆਖਰਕਾਰ ਉਨ੍ਹਾਂ ਨੇ ਅਮਰੀਕਾ ਦੇ ਪੈਨਸਿਲਵੇਨੀਆ ਦੇ ਏਰੀ ਕਾਉਂਟੀ ਵਿੱਚ ਮਿਲਕ੍ਰੀਕ ਟਾਊਨਸ਼ਿਪ ਦੇ ਇੱਕ ਪਾਰਕ ਵਿੱਚ ਮੀਟਿੰਗ ਕੀਤੀ। ਪਾਰਕ ਵਿੱਚ ਪਹੁੰਚਣ ਤੋਂ ਬਾਅਦ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਨੂੰ ਪਤਾ ਲੱਗਿਆ ਕਿ ਜਿਸ ਕੁੜੀ ਨਾਲ ਉਹ ਗੱਲਬਾਤ ਕਰ ਰਿਹਾ ਸੀ, ਉਹ ਇੱਕ ਗੁਪਤ ਜਾਸੂਸ ਸੀ। ਮਾਮਲੇ ਦੀ ਜਾਂਚ ਕਰਨ ਅਤੇ ਸੋਸ਼ਲ ਮੀਡੀਆ 'ਤੇ ਅੰਡਰਕਵਰ ਏਜੰਟ ਨਾਲ ਭਾਰਤੀ ਤੇਲਗੂ ਮੁਲਜ਼ਮ ਦੀ ਗੱਲਬਾਤ ਦੀ ਜਾਂਚ ਕਰਨ 'ਤੇ ਇੱਕ ਸੰਘੀ ਅਦਾਲਤ ਨੇ ਉਸਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ।

## ਸਾਊਥਪੋਰਟ 'ਚ ਅਸ਼ਾਂਤੀ ਜਾਰੀ, ਹਿੰਸਕ ਝੜਪਾਂ 'ਚ 39 ਪੁਲਸ ਅਧਿਕਾਰੀ ਜ਼ਖਮੀ




ਸਾਊਥਪੋਰਟ ਵਿੱਚ ਇੱਕ ਮਸਜਿਦ ਦੇ ਬਾਹਰ ਝੜਪਾਂ ਵਿੱਚ ਘੱਟੋ ਘੱਟ 39 ਪੁਲਸ ਅਧਿਕਾਰੀ ਜ਼ਖਮੀ ਹੋ ਗਏ ਹਨ, ਕਿਉਂਕਿ ਸ਼ੱਕੀ ਇੰਗਲਿਸ਼ ਡਿਫੈਂਸ ਲੀਗ ਸਮਰਥਕਾਂ ਦੀ ਗੁੱਸੇ ਵਿੱਚ ਆਈ ਭੀੜ ਨੇ ਇੱਟਾਂ ਸੁੱਟੀਆਂ ਅਤੇ ਪਟਾਕੇ ਚਲਾਏ। ਅਸ਼ਾਂਤੀ ਸੋਮਵਾਰ ਨੂੰ ਹੋਏ ਹਮਲੇ ਦੇ ਪੀੜਤਾਂ ਲਈ ਇੱਕ ਸ਼ਾਂਤਮਈ ਪ੍ਰਦਰਸ਼ਨ ਦੇ ਬਾਅਦ ਹੋਈ, ਜਿਸ ਵਿੱਚ ਇੱਕ ਟੇਲਰ ਸਵਿਫਟ-ਥੀਮ ਵਾਲੀ ਡਾਂਸ ਕਲਾਸ ਵਿੱਚ ਕਈ ਬੱਚਿਆਂ ਨੂੰ ਚਾਕੂ ਮਾਰਿਆ ਗਿਆ ਸੀ, ਜਿਨ੍ਹਾਂ ਵਿਚੋਂ ਤਿੰਨ ਦੀ ਮੌਤ ਹੋ ਗਈ ਸੀ।ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਘਟਨਾ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਭੀੜ ਨੇ ਚਾਕੂ ਮਾਰਨ ਦੀ ਘਟਨਾ ਤੋਂ ਬਾਅਦ ਇੱਕ ਸ਼ਾਂਤਮਈ ਰੈਲੀ ਵਾਲੀ ਥਾਂ 'ਤੇ ਵੀ ਕਬਜ਼ਾ ਕਰ ਲਿਆ ਸੀ ਜਿਸ ਵਿੱਚ ਤਿੰਨ ਲੜਕੀਆਂ ਦੀ ਮੌਤ ਹੋ ਗਈ ਸੀ ਅਤੇ 10 ਲੋਕ ਜ਼ਖਮੀ ਹੋ ਗਏ ਸਨ। ਜ਼ਖ਼ਮੀਆਂ ਵਿੱਚੋਂ ਸੱਤ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮੰਗਲਵਾਰ ਰਾਤ ਇੱਕ ਪੁਲਸ ਵੈਨ ਨੂੰ ਅੱਗ ਲਗਾ ਦਿੱਤੀ ਗਈ ਸੀ ਜਦੋਂ ਕਿ ਬਾਲਕਲਾਵਾਸ ਪਹਿਨੇ ਲੋਕਾਂ ਨੂੰ ਅਫਸਰਾਂ ਦੁਆਰਾ ਪਿੱਛੇ ਧੱਕ ਦਿੱਤਾ ਗਿਆ ਸੀ, ਜਿਸ ਵਿਚ 27 ਅਫਸਰਾਂ ਨੂੰ ਹਸਪਤਾਲ ਵਿੱਚ ਇਲਾਜ ਦੀ ਲੋੜ ਸੀ। ਪੁਲਸ ਨੇ ਦੱਸਿਆ ਕਿ ਹਿੰਸਕ ਭੀੜ ਨੇ ਪੁਲਸ ਵੈਨ ਅਤੇ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ। ਮੰਨਿਆ ਜਾਂਦਾ ਹੈ ਕਿ ਇਹ ਵਿਅਕਤੀ ਸੱਜੇ ਪੱਖੀ ਸਮੂਹ 'ਇੰਗਲਿਸ਼ ਡਿਫੈਂਸ ਲੀਗ' ਦੇ ਸਮਰਥਕ ਹਨ ਅਤੇ ਇਹ ਝੜਪ ਹੱਤਿਆ ਅਤੇ ਕਤਲ ਦੀ ਕੋਸ਼ਿਸ਼ ਦੇ ਸ਼ੱਕ 'ਚ ਗ੍ਰਿਫਤਾਰ ਕੀਤੇ ਗਏ ਇਕ ਨੌਜਵਾਨ ਦੀ ਪਛਾਣ ਨੂੰ ਲੈ ਕੇ ਫੈਲੀਆਂ ਅਫਵਾਹਾਂ ਦਾ ਨਤੀਜਾ ਹੈ। ਮਰਸੀਸਾਈਡ ਪੁਲਸ ਦੇ ਅਸਿਸਟੈਂਟ ਚੀਫ ਕਾਂਸਟੇਬਲ ਐਲੇਕਸ ਗੌਸ ਨੇ ਕਿਹਾ, "ਇੱਕ 17 ਸਾਲਾ ਨੌਜਵਾਨ ਦੇ ਹਾਲਾਤ ਬਾਰੇ ਬਹੁਤ ਸਾਰੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਜੋ ਇਸ ਸਮੇਂ ਪੁਲਸ ਹਿਰਾਸਤ ਵਿੱਚ ਹੈ ਅਤੇ ਕੁਝ ਲੋਕ ਇਸ ਦੀ ਵਰਤੋਂ ਹਿੰਸਾ ਅਤੇ ਗੜਬੜ ਭੜਕਾਉਣ ਲਈ ਕਰ ਰਹੇ ਹਨ। ਪੁਲਸ ਨੇ ਪਹਿਲਾਂ ਕਿਹਾ ਸੀ ਕਿ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਕੀਤੇ ਜਾ ਰਹੇ ਸ਼ੱਕੀ ਦਾ ਨਾਮ ਗਲਤ ਸੀ ਅਤੇ ਉਹ ਬ੍ਰਿਟੇਨ ਵਿੱਚ ਪੈਦਾ ਹੋਇਆ ਸੀ, ਜਦੋਂ ਕਿ ਆਨਲਾਈਨ ਦਾਅਵਾ ਕੀਤਾ ਜਾ ਰਿਹਾ ਸੀ ਕਿ ਉਹ ਇੱਕ ਸ਼ਰਨਾਰਥੀ ਸੀ। ਸੋਮਵਾਰ ਦੇ ਦਰਦਨਾਕ ਚਾਕੂ ਹਮਲੇ ਵਿੱਚ ਮਾਰੇ ਗਏ ਤਿੰਨ ਜਵਾਨ ਕੁੜੀਆਂ ਨੂੰ ਬੇਬੇ ਕਿੰਗ, ਛੇ; ਐਲਸੀ ਡਾਟ ਸਟੈਨਕੋਮਬੇ, ਸੱਤ; ਅਤੇ ਐਲਿਸ ਡਾਸਿਲਵਾ ਐਗੁਆਰ, ਨੌਂ ਹਨ। ਅੱਠ ਹੋਰ ਬੱਚਿਆਂ ਨੂੰ ਚਾਕੂ ਨਾਲ ਸੱਟਾਂ ਲੱਗੀਆਂ ਅਤੇ ਘੱਟੋ ਘੱਟ ਦੋ ਅਜੇ ਵੀ ਗੰਭੀਰ ਹਾਲਤ ਵਿੱਚ ਹਨ। ਨਾਲ ਹੀ ਦੋ ਬਾਲਗਾਂ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸਨ। ਪੁਲਸ ਅਨੁਸਾਰ ਇਸ ਘਟਨਾ ਦੇ ਸਬੰਧ ਵਿੱਚ ਇੱਕ 17 ਸਾਲਾ ਲੜਕੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇੱਕ ਚਾਕੂ ਬਰਾਮਦ ਕੀਤਾ ਗਿਆ ਹੈ।

## ਗਾਜ਼ਾ ਤੋਂ 85 ਮਰੀਜ਼ਾਂ ਨੂੰ ਡਾਕਟਰੀ ਦੇਖਭਾਲ ਲਈ ਭੇਜਿਆ ਗਿਆ UAE




ਫਲਸਤੀਨ ਦੀ ਗਾਜ਼ਾ ਪੱਟੀ ਤੋਂ 85 ਬਿਮਾਰ ਅਤੇ ਗੰਭੀਰ ਰੂਪ ਨਾਲ ਜ਼ਖਮੀ ਮਰੀਜ਼ਾਂ ਨੂੰ ਵੱਡੇ ਪੱਧਰ 'ਤੇ ਸਾਂਝੇ ਆਪਰੇਸ਼ਨ ਵਿਚ ਵਿਸ਼ੇਸ਼ ਡਾਕਟਰੀ ਦੇਖਭਾਲ ਲਈ ਅਬੂ ਧਾਬੀ ਭੇਜਿਆ ਗਿਆ ਹੈ। ਵਿਸ਼ਵ ਸਿਹਤ ਸੰਗਠਨ (WHO) ਦੁਆਰਾ ਸੰਯੁਕਤ ਅਰਬ ਅਮੀਰਾਤ (UAE) ਦੀ ਸਰਕਾਰ ਅਤੇ ਹੋਰ ਭਾਈਵਾਲਾਂ ਦੀ ਭਾਈਵਾਲੀ ਵਿੱਚ ਮੈਡੀਕਲ ਨਿਕਾਸੀ, ਅਕਤੂਬਰ 2023 ਤੋਂ ਬਾਅਦ ਅਜਿਹਾ ਸਭ ਤੋਂ ਵੱਡਾ ਆਪ੍ਰੇਸ਼ਨ ਹੈ। ਮਰੀਜ਼ਾਂ ਵਿੱਚ 35 ਬੱਚੇ ਅਤੇ 50 ਬਾਲਗ ਸ਼ਾਮਲ ਸਨ। ਸਾਰੇ ਪੀੜਤਾਂ ਨੂੰ ਗਾਜ਼ਾ ਤੋਂ ਕੇਰੇਮ ਸ਼ਾਲੋਮ ਕਰਾਸਿੰਗ ਰਾਹੀਂ ਇਜ਼ਰਾਈਲ ਦੇ ਰੈਮਨ ਹਵਾਈ ਅੱਡੇ ਲਈ ਉਡਾਇਆ ਗਿਆ ਸੀ। ਪੂਰਬੀ ਮੈਡੀਟੇਰੀਅਨ ਲਈ ਡਬਲਯੂ.ਐਚ.ਓ ਦੇ ਖੇਤਰੀ ਨਿਰਦੇਸ਼ਕ ਹਾਨਾਨ ਬਾਲਕੀ ਨੇ ਕਿਹਾ, "ਮੈਂ ਗਾਜ਼ਾ ਤੋਂ ਬੀਮਾਰ ਅਤੇ ਗੰਭੀਰ ਰੂਪ ਨਾਲ ਜ਼ਖਮੀ ਮਰੀਜ਼ਾਂ ਨੂੰ ਕੱਢਣ ਅਤੇ ਉਨ੍ਹਾਂ ਨੂੰ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਯੂਏਈ ਦਾ ਬਹੁਤ ਧੰਨਵਾਦੀ ਹਾਂ।" ਗਾਜ਼ਾ ਵਿੱਚ ਸੰਕਟ ਜਿੱਥੇ ਉੱਨਤ ਡਾਕਟਰੀ ਦੇਖਭਾਲ ਤੱਕ ਪਹੁੰਚ ਸੀਮਤ ਹੈ। WHO ਅਤੇ UAE ਦਾ ਸਹਿਯੋਗ ਖੇਤਰ ਵਿੱਚ ਜ਼ਰੂਰੀ ਡਾਕਟਰੀ ਲੋੜਾਂ ਨੂੰ ਰੇਖਾਂਕਿਤ ਕਰਦਾ ਹੈ।

## ਸ਼ਹੀਦੀ ਸਪੋਰਟਸ ਕੌਂਸਲ ਬੈਡ ਫੋਰਡ ਯੂ.ਕੇ ਵੱਲੋਂ ਟੂਰਨਾਮੈਂਟ ਆਯੋਜਿਤ




ਸ਼ਹੀਦੀ ਸਪੋਰਟਸ ਕੌਂਸਲ ਬੈਡਫੋਰਡ ਯੂ.ਕੇ ਵੱਲੋਂ ਵਿਦੇਸ਼ਾਂ ਵਿੱਚ ਰਹਿ ਰਹੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਦੇ ਉਪਰਾਲੇ ਦੇ ਤਹਿਤ ਸੁਰਜੀਤ ਸਿੰਘ ਧੰਜੂ ਚੇਅਰਮੈਨ ਅਤੇ ਫਾਊਂਡਰ, ਅਲੀ ਬਲੋਚ ਮੀਤ ਪ੍ਰਧਾਨ, ਰਾਣਾ ਸੇਖੋ ਪ੍ਰਧਾਨ ,ਗੁਰਭੇਜ ਵਿਰਕ ਮੀਤ ਪ੍ਰਧਾਨ, ਸਿਮਰਨ ਜੋਸਨ ਜਨਰਲ ਸਕੱਤਰ ਆਦਿ ਦੀ ਦੇਖ ਰੇਖ ਹੇਠ ਇੱਕ ਖੇਡ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਕਬੱਡੀ , ਫੁੱਟਬਾਲ, ਵਾਲੀਬਾਲ ਕ੍ਰਿਕਟ, ਅਥਲੈਟਿਕ ਹਾਕੀ ਆਦਿ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਯੂ.ਕੇ ਦੀਆਂ ਵੱਖ-ਵੱਖ ਟੀਮਾਂ ਤੇ ਉਨ੍ਹਾਂ ਦੇ ਖਿਡਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਦੌਰਾਨ ਗੋਲਡਨ ਵਿਰਸਾ ਯੂ.ਕੇ ਵੱਲੋਂ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦਾ ਰੰਗਾਰੰਗ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਸੋਨੂੰ ਗਿੱਲ ਵੱਲੋਂ ਪੰਜਾਬੀ ਬੋਲੀਆਂ ਤੇ ਲੋਕ ਸਾਜਾਂ 'ਤੇ ਥਿਰਕਦੀ ਗੋਲਡਨ ਵਿਰਸਾ ਯੂ.ਕੇ ਦੀ ਸਮੁੱਚੀ ਟੀਮ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੌਰਾਨ ਸਮੁੱਚੀ ਸੱਭਿਆਚਾਰਕ ਟੀਮ ਨੂੰ ਕੌਂਸਲ ਵੱਲੋਂ ਵਿਸ਼ੇਸ਼ ਤੌਰ ''ਤੇ ਸਨਮਾਨਿਤ ਕੀਤਾ ਗਿਆ।ਇਸ ਦੌਰਾਨ ਵੱਖ-ਵੱਖ ਟੀਮਾਂ ਤੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਉਪਰੰਤ ਸ਼ਹੀਦੀ ਸਪੋਰਟਸ ਕੌਂਸਲ ਬੈਡ ਫੋਰਡ ਦੇ ਚੇਅਰਮੈਨ ਤੇ ਫਾਊਂਡਰ ਸਰਬਜੀਤ ਸਿੰਘ ਧੰਜੂ ਨੇ ਕਿਹਾ ਕਿ ਇਹ ਟੂਰਨਾਮੈਂਟ ਕਰਾਉਣ ਦਾ ਮੁੱਖ ਉਦੇਸ਼ ਵਿਸ਼ੇਸ਼ ਕਰ ਇੰਗਲੈਂਡ ਵਿੱਚ ਰਹਿ ਰਹੀ ਪੰਜਾਬੀ ਨੌਜਵਾਨੀ ਨੂੰ ਖੇਡਾਂ ਨਾਲ ਜੋੜਨ ਦੇ ਨਾਲ-ਨਾਲ ਆਪਣੇ ਵਿਰਸੇ ਨਾਲ ਪਿਆਰ ਕਰਨ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਸਪੋਰਟਸ ਕੌਂਸਲ ਬੈਡਫੋਰਡ ਇਸ ਲਈ ਪੂਰਨ ਤੌਰ 'ਤੇ ਯਤਨਸ਼ੀਲ ਹੈ। ਉਨ੍ਹਾਂ ਨੇ ਸ਼ਹੀਦੀ ਸਪੋਰਟਸ ਕੌਂਸਲ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦਾ ਵੀ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਦੇ ਨਾਲ-ਨਾਲ ਗੋਲਡਨ ਵਿਰਸਾ ਯੂ ਕੇ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕਰਦੀਆਂ ਵੱਖ-ਵੱਖ ਪੇਸ਼ਕਾਰੀਆਂ ਦੀ ਭਰਪੂਰ ਸ਼ਲਾਘਾ ਕੀਤੀ । ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਅਲੀ ਬਲੋਚ ਮੀਤ ਪ੍ਰਧਾਨ, ਰਾਣਾ ਸੇਖੋ ਪ੍ਰਧਾਨ, ਗੁਰਭੇਜ ਵਿਰਕ ਮੀਤ ਪ੍ਰਧਾਨ, ਸਿਮਰਨ ਜੋਸਨ ਜਨਰਲ ਸਕੱਤਰ, ਹਰਦੇਵ ਸਿੰਘ, ਸ਼ਿਗਾਰਾ ਸਿੰਘ,ਗੁਰਪ੍ਰੀਤ ਸਿੰਘ ਸੰਧੂ, ਬਲਰਾਜ ਸਿੰਘ, ਬਲਵੰਤ ਸਿੰਘ ਧੰਜੂ, ਮਨਦੀਪ ਸਿੰਘ ਧੰਜੂ ਨੇ ਜਿੱਥੇ ਅਹਿਮ ਭੂਮਿਕਾ ਨਿਭਾਈ। ਉਥੇ ਹੀ ਇਸ ਦੌਰਾਨ ਕਬੱਡੀ ਵਿੱਚ ਬੈਸਟ ਰੇਡਰ ਵਜੋਂ ਬਲਵਿੰਦਰ ਸਿੰਘ, ਸਟੋਪਰ ਰਿਕੀ ਤੇ ਮਨਜੋਤ ਇੰਦਰਜੀਤ ਸਿੰਘ ਸੂਰਜ ਹਰਪਾਲ ਗਿੱਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

## ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ ਵੱਲੋਂ ਕਰਵਾਈ ਚੌਥੀ ਪੰਜਾਬੀ ਕਾਨਫਰੰਸ 2024 ਸਫਲਤਾ ਪੂਰਵਕ ਸੰਪੰਨ





ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ ਵੱਲੋਂ ਲੈਸਟਰ ਵਿਖੇ ਕਰਵਾਈ ਗਈ ਚੌਥੀ ਪੰਜਾਬੀ ਕਾਨਫਰੰਸ ਯੂ.ਕੇ 2024 ਸਫਲਤਾ ਪੂਰਵਕ ਸੰਪੰਨ ਹੋਈ। ਪੰਜਾਬੀ ਸਿੱਖਿਆ ਤੇ ਸਾਹਿਤ, ਪੰਜਾਬੀ ਬੋਲੀ, ਧਾਰਮਿਕ, ਸਮਾਜਿਕ, ਰਾਜਨੀਤਕ ਤੇ ਵਿਗਿਆਨਕ ਅਤੇ ਤਕਨੀਕ ਦੇ ਸੰਦਰਭ ਵਿੱਚ ਕਰਵਾਈ ਗਈ ਕਾਨਫਰੰਸ ਦੇ ਪਹਿਲੇ ਦਿਨ ਵਿੱਚ ਉਦਘਾਟਨੀ ਰਸਮ ਦੌਰਾਨ ਕੰਵਰ ਸਿੰਘ ਬਰਾੜ ਨੇ ਜਾਣਕਾਰੀ ਸਾਂਝੀ ਕੀਤੀ। ਜੀ ਆਇਆਂ ਨੂੰ ਸੁਖਦੇਵ ਸਿੰਘ ਬਾਂਸਲ ਨੇ ਕਿਹਾ ਅਤੇ ਉਦਘਾਟਨੀ ਭਾਸ਼ਨ ਵਿੱਚ ਡਾ. ਪਰਗਟ ਸਿੰਘ ਨੇ ਕਾਨਫਰੰਸ ਦੇ ਉਦੇਸ਼ ਅਤੇ ਕਾਰਵਾਈਆਂ ਬਾਰੇ ਚਾਨਣਾ ਪਾਇਆ। ਇਸ ਕਾਨਫਰੰਸ ਦੀ ਪਹਿਲੀ ਬੈਠਕ ਵਿੱਚ ਪੰਜਾਬੀ ਅਧਿਆਪਨ ਵਿਧੀਆਂ ਤੇ ਸਿੱਖਿਆ ਬੈਠਕ ਵਿੱਚ ਦਵਿੰਦਰ ਲਾਲੀ, ਕੁਲਬੀਰ ਮਾਂਗਟ ਅਤੇ ਹਰਵਿੰਦਰ ਸਿੰਘ ਨੇ ਭਾਗ ਲਿਆ। ਦੂਸਰੀ ਬੈਠਕ ਵਿੱਚ ਪੰਜਾਬੀ ਭਾਸ਼ਾ ਦਸ਼ਾ ਤੇ ਦਿਸ਼ਾ ਬਾਰੇ ਕੁੰਜੀਵਤ ਪਰਚਾ ਡਾ. ਬਲਦੇਵ ਸਿੰਘ ਕੰਦੋਲਾ ਨੇ ਪੇਸ਼ ਕੀਤਾ। ਤੀਸਰੀ ਬੈਠਕ ਵਿੱਚ ਪੰਜਾਬੀ ਭਾਸ਼ਾ ਦੀ ਸਿੱਖਿਆ-ਪੰਜਾਬ ਤੋਂ ਬਾਹਰ ਤੇ ਤਕਨੀਕੀ ਸੰਦਰਭ ਵਿੱਚ ਬਲਵਿੰਦਰ ਕੌਰ ਨਾਰਵੇ, ਡਾ. ਜਸਵੀਰ ਕੌਰ ਪੰਜਾਬੀ ਯੂਨੀ. ਪਟਿਆਲਾ ਅਤੇ ਡਾ. ਅਮਜਦ ਅਲੀ ਭੱਟੀ ਇਸਲਾਮਾਬਾਦ ਨੇ ਭਾਗ ਲਿਆ। ਚੌਥੀ ਬੈਠਕ ਜਿਸ ਵਿੱਚ ਪੰਜਾਬੀ ਭਾਸ਼ਾ-ਪਿਛੋਕੜ ਤੇ ਵਿਕਾਸ ਵਿੱਚ ਦਲਜਿੰਦਰ ਸਿੰਘ ਰਹਿਲ ਨੇ ਪੰਜਾਬੀ ਭਾਸ਼ਾ ਦੇ ਇਤਿਹਾਸ 'ਤੇ ਪਰਚਾ ਪੇਸ਼ ਕੀਤਾ। ਇਸ ਉਪਰੰਤ ਸਾਹਿਤਕ ਬੈਠਕ ਵਿੱਚ ਨੁਜਹਤ ਅੱਬਾਸ ਨੇ ਵੱਖਰੇ ਅੰਦਾਜ਼ ਵਿੱਚ ਬੋਲੀ ਨੂੰ ਸਮਰਪਿਤ ਕਲਾ ਕ੍ਰਿਤ ਪੇਸ਼ ਕੀਤੀ। ਜਿਸ ਦੇ ਬਾਅਦ ਗੱਲਬਾਤ ਤੇ ਵਿਚਾਰ ਚਰਚਾ ਮੰਚ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਹਰਵਿੰਦਰ ਸਿੰਘ ਚੰਡੀਗੜ੍ਹ, ਡਾ. ਅਮਜਦ ਅਲੀ ਭੱਟੀ ਇਸਲਾਮਾਬਾਦ, ਡਾ. ਜਸਵੀਰ ਕੌਰ ਪਟਿਆਲਾ ਅਤੇ ਹਰਵਿੰਦਰ ਸਿੰਘ ਲੰਡਨ ਨੇ ਭਾਗ ਲਿਆ। ਇਸ ਬੈਠਕ ਨੂੰ ਬਲਵਿੰਦਰ ਸਿੰਘ ਚਾਹਲ ਵੱਲੋਂ ਸੰਚਾਲਨ ਕੀਤਾ ਗਿਆ। ਉਪਰੰਤ ਇੱਕ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਆਏ ਕਵੀਆਂ ਵੱਲੋਂ ਭਾਗ ਲਿਆ ਗਿਆ ਜਿਹਨਾਂ ਵਿੱਚ ਡਾ. ਕਰਨੈਲ ਸ਼ੇਰਗਿੱਲ, ਸੰਤੋਖ ਹੇਅਰ, ਸੁਰਿੰਦਰਪਾਲ ਸਿੰਘ, ਕੁਲਵੰਤ ਸਿੰਘ ਢੇਸੀ, ਕਿਰਪਾਲ ਸਿੰਘ ਪੂਨੀ, ਦਲਜਿੰਦਰ ਸਿੰਘ ਰਹਿਲ, ਰੁਪਿੰਦਰਜੀਤ ਕੌਰ, ਸਿੰਦਰਪਾਲ ਸਿੰਘ, ਕਿਹਰ ਸਿੰਘ, ਸਿੰਗਾਰਾ ਸਿੰਘ, ਅਜਾਇਬ ਸਿੰਘ ਗਰਚਾ, ਡਾ. ਭੱਟੀ, ਕੰਵਰ ਸਿੰਘ ਬਰਾੜ ਤੇ ਬਲਵਿੰਦਰ ਸਿੰਘ ਚਾਹਲ ਨੇ ਭਾਗ ਲਿਆ। ਕਾਨਫਰੰਸ ਦੇ ਦੂਸਰੇ ਦਿਨ ਦੀ ਸ਼ੁਰੂਆਤ ਪੰਜਾਬੀ ਭਾਸ਼ਾ-ਪਿਛੋਕੜ ਤੇ ਵਿਕਾਸ ਵਿਸ਼ੇ ਨਾਲ ਕੀਤੀ ਬੈਠਕ ਨਾਲ ਹੋਈ, ਜਿਸ ਵਿੱਚ ਡਾ. ਅਵਤਾਰ ਸਿੰਘ, ਬਲਵਿੰਦਰ ਸਿੰਘ ਚਾਹਲ, ਡਾ. ਨਰਿੰਦਰ ਸਿੰਘ ਪਟਿਆਲਾ ਨੇ ਭਾਗ ਲਿਆ। ਉਸ ਤੋਂ ਅਗਲੀ ਬੈਠਕ ਪੰਜਾਬੀ ਭਾਸ਼ਾ ਅਜੋਕੀਆਂ ਸਥਿਤੀਆਂ ਅਤੇ ਚਿੰਤਨ ਵਿਸ਼ੇ ਬਾਰੇ ਪ੍ਰੋ. ਜਸਪਾਲ ਸਿੰਘ ਇਟਲੀ, ਨੁਜਹੱਤ ਅੱਬਾਸ ਆਕਸਫੋਰਡ ਅਤੇ ਡਾ. ਸੁਜਿੰਦਰ ਸਿੰਘ ਸੰਘਾ ਨੇ ਭਾਗ ਲਿਆ। ਪੰਜਾਬੀ ਭਾਸ਼ਾ-ਸਮਾਜਿਕ ਧਾਰਮਿਕ ਤੇ ਰਾਜਨੀਤਕ ਸੰਦਰਭ ਬੈਠਕ ਵਿੱਚ ਡਾ. ਪਰਗਟ ਸਿੰਘ ਨੇ ਆਪਣਾ ਪਰਚਾ ਪੇਸ਼ ਕੀਤਾ। ਜਿਸਦੇ ਬਾਅਦ ਆਖਰੀ ਬੈਠਕ ਵਿੱਚ ਪੰਜਾਬੀ ਭਾਸ਼ਾ ਤੇ ਕ੍ਰਿਤਮ ਬੁੱਧੀ (ਆਰਟੀਫਿਸ਼ਲ ਇੰਟੈਲੀਜੈਂਸ) ਬਾਰੇ ਡਾ. ਰਾਜਵਿੰਦਰ ਸਿੰਘ ਪੰਜਾਬੀ ਯੂਨੀ ਪਟਿਆਲਾ ਨੇ ਬੜੇ ਵਿਸਥਾਰ ਨਾਲ ਆਪਣਾ ਪਰਚਾ ਪੇਸ਼ ਕੀਤਾ। ਅੰਤ ਵਿੱਚ ਡਾ. ਪਰਗਟ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਨ ਵਿੱਚ ਪੰਜਾਬੀ ਕਾਨਫਰੰਸ ਯੂ.ਕੇ ਦੀਆਂ ਪ੍ਰਾਪਤੀਆਂ, ਇਸਦੇ ਅਤੇ ਹੋਰ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨਾਂ ਨੇ ਅਗਲੇ ਸਾਲ ਕਰਵਾਈ ਜਾਣ ਵਾਲੀ ਪੰਜਾਬੀ ਕਾਨਫਰੰਸ 2025 ਦਾ ਵੀ ਐਲਾਨ ਕੀਤਾ।

## ISIL-K ਭਾਰਤ 'ਚ ਆਪਣੇ ਹੈਂਡਲਰਾਂ ਰਾਹੀਂ ਕਰਨਾ ਚਾਹੁੰਦੈ ਲੜਾਕਿਆਂ ਦੀ ਭਰਤੀ



ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅੱਤਵਾਦੀ ਸਮੂਹ 'ਇਸਲਾਮਿਕ ਸਟੇਟ ਇਨ ਇਰਾਕ ਐਂਡ ਦਿ ਲੇਵੈਂਟ-ਖੋਰਾਸਾਨ' (ਆਈਐਸਆਈਐਲ-ਕੇ) ਵੱਡੇ ਪੱਧਰ 'ਤੇ ਹਮਲੇ ਕਰਨ ਵਿਚ ਕਾਮਯਾਬ ਨਾ ਹੋਣ ਦੇ ਬਾਵਜੂਦ ਭਾਰਤ ਵਿਚ ਅਜੇ ਵੀ ਸਰਗਰਮ ਹੈ। ਇਹ ਸਮੂਹ ਭਾਰਤ ਵਿੱਚ ਆਪਣੇ ਹੈਂਡਲਰਾਂ ਰਾਹੀਂ ਅਜਿਹੇ ਲੜਾਕਿਆਂ ਨੂੰ ਭਰਤੀ ਕਰਨਾ ਚਾਹੁੰਦਾ ਹੈ ਜੋ ਇੱਕਲੇ ਹਮਲਿਆਂ ਨੂੰ ਅੰਜਾਮ ਦੇ ਸਕਣ। ਆਈਐਸਆਈਐਲ, ਅਲ-ਕਾਇਦਾ ਅਤੇ ਇਸ ਨਾਲ ਜੁੜੇ ਵਿਅਕਤੀਆਂ ਅਤੇ ਸੰਸਥਾਵਾਂ ਬਾਰੇ ਵਿਸ਼ਲੇਸ਼ਣਾਤਮਕ ਸਹਾਇਤਾ ਅਤੇ ਪਾਬੰਦੀਆਂ ਦੀ ਨਿਗਰਾਨੀ ਟੀਮ ਦੀ 34ਵੀਂ ਰਿਪੋਰਟ ਮੰਗਲਵਾਰ ਨੂੰ ਇੱਥੇ ਜਾਰੀ ਕੀਤੀ ਗਈ।

ਇਸ ਵਿਚ ਕਿਹਾ ਗਿਆ ਹੈ ਕਿ ਮੈਂਬਰ ਦੇਸ਼ਾਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਅਫਗਾਨਿਸਤਾਨ ਤੋਂ ਪੈਦਾ ਹੋਣ ਵਾਲਾ ਅੱਤਵਾਦ ਖੇਤਰ ਵਿਚ ਅਸੁਰੱਖਿਆ ਦਾ ਕਾਰਨ ਬਣੇਗਾ। ਰਿਪੋਰਟ ਵਿੱਚ ਕਿਹਾ ਗਿਆ ਹੈ, "ਭਾਰਤ ਵਿੱਚ ਵੱਡੇ ਪੱਧਰ 'ਤੇ ਹਮਲੇ ਕਰਨ ਵਿੱਚ ਸਮਰੱਥ ਨਾ ਹੋਣ ਦੇ ਬਾਵਜੂਦ ਆਈਐਸਆਈਐਲ-ਕੇ ਦੇਸ਼ ਵਿੱਚ ਆਪਣੇ ਹੈਂਡਲਰਾਂ ਦੁਆਰਾ, ਅਜਿਹੇ ਲੋਕਾਂ ਨੂੰ ਭਰਤੀ ਕਰਨਾ ਚਾਹੁੰਦਾ ਹੈ ਜੋ ਇਕੱਲੇ ਹਮਲੇ ਕਰ ਸਕਦੇ ਹਨ ਅਤੇ ਉਸ ਨੇ ਉਰਦੂ ਵਿੱਚ ਹਿੰਦੂ-ਮੁਸਲਿਮ ਨਫ਼ਰਤ ਵਾਲੀ ਅਤੇ ਭਾਰਤ ਦੇ ਸਬੰਧ ਵਿਚ ਆਪਣੀ ਰਣਨੀਤੀ ਨੂੰ ਰੇਖਾਂਕਿਤ ਕਰਨ ਵਾਲੀ ਇਕ ਕਿਤਾਬ ਜਾਰੀ ਕੀਤੀ ਹੈ। ਇਸ ਵਿਚ ਕਿਹਾ ਗਿਆ ਹੈ ਕਿ "ਆਈਐਸਆਈਐਲ-ਕੇ ਖੇਤਰ ਵਿੱਚ ਸਭ ਤੋਂ ਗੰਭੀਰ ਖ਼ਤਰਾ ਬਣਿਆ ਹੋਇਆ ਹੈ, ਜੋ ਅਫਗਾਨਿਸਤਾਨ ਤੋਂ ਬਾਹਰ ਦਹਿਸ਼ਤ ਫੈਲਾਉਂਦਾ ਹੈ, ਜਦੋਂ ਕਿ "ਅਲ-ਕਾਇਦਾ ਰਣਨੀਤਕ ਸੰਜਮ ਵਰਤਦਾ ਹੈ" ਅਤੇ ਤਾਲਿਬਾਨ ਨਾਲ ਆਪਣੇ ਸਬੰਧਾਂ ਨੂੰ ਤਰਜੀਹ ਦਿੰਦਾ ਹੈ। ਰਿਪੋਰਟ ਮੁਤਾਬਕ ਤਹਿਰੀਕ-ਏ-ਤਾਲਿਬਾਨ (ਟੀ.ਟੀ.ਪੀ.), ਤਾਲਿਬਾਨ ਅਤੇ ਅਲ-ਕਾਇਦਾ ਇਨ ਇੰਡੀਅਨ ਸਬਕੌਂਟੀਨੈਂਟ (ਏਕਿਊਆਈਐਸ) ਵਿਚਾਲੇ ਸਮਰਥਨ ਅਤੇ ਸਹਿਯੋਗ ਵਧਿਆ ਹੈ। ਉਹ ਅਫਗਾਨਿਸਤਾਨ ਵਿੱਚ ਲੜਾਕਿਆਂ ਅਤੇ ਸਿਖਲਾਈ ਕੈਂਪਾਂ ਨੂੰ ਸਾਂਝਾ ਕਰ ਰਹੇ ਹਨ ਅਤੇ ਤਹਿਰੀਕ-ਏ-ਜੇਹਾਦ ਪਾਕਿਸਤਾਨ (ਟੀ.ਜੇ.ਪੀ) ਦੇ ਬੈਨਰ ਹੇਠ ਹੋਰ ਘਾਤਕ ਹਮਲੇ ਕਰ ਰਹੇ ਹਨ। ਇਸ ਵਿਚ ਕਿਹਾ ਗਿਆ ਹੈ, "ਇਸ ਤਰ੍ਹਾਂ, ਟੀ.ਟੀ.ਪੀ ਹੋਰ ਅੱਤਵਾਦੀ ਸਮੂਹਾਂ ਨੂੰ ਪਨਾਹ ਦੇਣ ਵਾਲੇ ਸੰਗਠਨ ਵਿਚ ਬਦਲ ਸਕਦਾ ਹੈ। ਮੱਧਮ ਮਿਆਦ ਵਿੱਚ TTP ਅਤੇ AQIS ਦੇ ਸੰਭਾਵੀ ਰਲੇਵੇਂ ਨਾਲ ਪਾਕਿਸਤਾਨ ਅਤੇ ਅੰਤ ਵਿੱਚ ਭਾਰਤ, ਮਿਆਂਮਾਰ ਅਤੇ ਬੰਗਲਾਦੇਸ਼ ਵਿਰੁੱਧ ਖ਼ਤਰਾ ਵਧ ਸਕਦਾ ਹੈ।" ਕੁਝ ਮੈਂਬਰ ਦੇਸ਼ਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਆਈਐਸਆਈਐਲ-ਕੇ ਲੜਾਕਿਆਂ ਦੀ ਗਿਣਤੀ 4,000 ਤੋਂ ਵੱਧ ਕੇ 6,000 ਹੋ ਗਈ ਹੈ।

## ਬਰਗਰ 'ਚੋਂ ਕੈਚੱਪ ਦੀ ਬਜਾਏ ਨਿਕਲਿਆ 'ਖੂਨ'




ਅਮਰੀਕਾ ਦਾ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਨਿਊਯਾਰਕ 'ਚ ਰਹਿਣ ਵਾਲੀ ਇਕ ਟਿਫਨੀ ਫਲਾਇਡ ਨਾਂ ਦੀ ਔਰਤ ਨੇ ਆਪਣੀ 4 ਸਾਲਾ ਬੇਟੀ ਲਈ ਬਰਗਰ ਕਿੰਗ ਤੋਂ ਬਰਗਰ ਆਰਡਰ ਕੀਤਾ ਸੀ। ਜਦੋਂ ਉਸ ਕੋਲ ਬਰਗਰ ਦਾ ਪਾਰਸਲ ਆਇਆ ਤਾਂ ਉਸ ਦੀ ਧੀ ਤੁਰੰਤ ਉਸ ਨੂੰ ਖਾਣ ਲਈ ਕਾਹਲੀ ਪੈ ਗਈ। ਪਰ ਪਾਰਸਲ ਖੋਲ੍ਹਦੇ ਹੋਏ ਉਸ ਨੇ ਕਿਹਾ, ''ਮੰਮੀ, ਮੈਨੂੰ ਇਸ ਵਿੱਚ ਟਮਾਟਰ ਕੈਚੱਪ ਨਹੀਂ ਚਾਹੀਦੀ।' ਅਜੇ ਔਰਤ ਨੇ ਆਪਣੇ ਬਰਗਰ 'ਤੇ ਥੋੜ੍ਹਾ ਜਿਹਾ ਕੈਚੱਪ ਪਾਇਆ ਸੀ। ਜਦੋਂ ਉਸ ਨੇ ਆਪਣੀ ਬੇਟੀ ਕੋਲ ਆ ਕੇ ਬਰਗਰ ਦੇਖਿਆ ਤਾਂ ਉਹ ਦੰਗ ਰਹਿ ਗਈ। ਇਹ ਕੈਚੱਪ ਨਹੀਂ ਸੀ, ਕਿਸੇ ਦਾ ਖੂਨ ਸੀ। ਬੇਟੀ ਲਈ 'ਖੁਸ਼ੀ ਲਈ ਭੋਜਨ' ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਫਰੈਂਚ ਫਰਾਈਜ਼ ਵੀ ਸੀ। ਪਰ ਚਟਨੀ ਦੀ ਥਾਂ ਖੂਨ ਕਿਵੇਂ ਆਇਆ? ਉਸ ਨੇ ਤੁਰੰਤ ਕੰਪਨੀ ਨੂੰ ਫੋਨ ਕੀਤਾ ਅਤੇ ਜਵਾਬ ਮਿਲਿਆ ਕਿ ਸੇਵਾ ਕਰ ਰਹੇ ਕਰਮਚਾਰੀ ਦੇ ਹੱਥ 'ਤੇ ਸੱਟ ਲੱਗੀ ਹੈ ਅਤੇ ਖੂਨ ਫੈਲ ਗਿਆ ਹੋ ਸਕਦਾ ਹੈ। ਕੰਪਨੀ ਨੇ ਤੁਰੰਤ ਹੀ ਟਿਫਨੀ ਫਲਾਇਡ ਨਾਮੀਂ ਔਰਤ ਨੂੰ ਬਰਗਰ ਦਾ ਰਿਫੰਡ ਭੇਜ ਦਿੱਤਾ।


# ਭਾਰਤ ਵਿੱਚ ਚੋਟੀ ਦੇ ਕ੍ਰਿਸ਼ਨਾ ਮੰਦਰ



ਤੁਸੀਂ ਭਾਰਤ ਵਿੱਚ ਜਿੱਥੇ ਵੀ ਜਾਓ, ਇੱਕ ਸ਼ਬਦ ਜੋ ਤੁਹਾਨੂੰ ਹਮੇਸ਼ਾ ਸੁਣਨ ਨੂੰ ਮਿਲੇਗਾ ਉਹ ਹੈ 'ਰਾਮ'। ਭਗਵਾਨ ਰਾਮ ਭਗਵਾਨ ਵਿਸ਼ਨੂੰ ਦਾ ਸੱਤਵਾਂ ਅਵਤਾਰ ਸੀ ਅਤੇ ਦੁਨੀਆ ਭਰ ਦੇ ਹਿੰਦੂਆਂ ਦੁਆਰਾ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਉਹ ਚੰਗਿਆਈ ਦਾ ਪ੍ਰਤੀਕ ਸੀ ਅਤੇ ਉਸਨੇ ਸਾਨੂੰ ਸਿਖਾਇਆ ਕਿ ਕਿਵੇਂ ਨੈਤਿਕ ਤੌਰ 'ਤੇ ਸਹੀ ਹੋਣਾ ਹੈ ਭਾਵੇਂ ਤੁਹਾਡੇ ਕੋਲ ਸਿਰ ਢੱਕਣ ਲਈ ਸ਼ੈੱਡ ਨਾ ਹੋਵੇ। ਉਸਨੇ ਰਾਵਣ, ਇੱਕ ਬਹੁਤ ਸ਼ਕਤੀਸ਼ਾਲੀ ਅਤੇ ਬੁੱਧੀਮਾਨ ਦੈਂਤ ਨੂੰ ਹਰਾਇਆ ਅਤੇ ਸਾਨੂੰ ਉਸਦੀ ਬੁਰਾਈ ਤੋਂ ਬਚਾਇਆ। ਇਸ ਲਈ ਰਾਮ ਭਾਰਤ ਦੀ ਬ੍ਰਹਮ ਧਰਤੀ ਦੇ ਹਰ ਦਿਲ ਅਤੇ ਹਰ ਕੋਨੇ ਵਿੱਚ ਵੱਸਦਾ ਹੈ। ਅਯੁੱਧਿਆ ਮਾਮਲੇ 'ਤੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਸਭ ਨੂੰ ਪਤਾ ਹੈ ਕਿ ਇਸ ਪਵਿੱਤਰ ਨਗਰੀ 'ਚ ਰਾਮ ਮੰਦਰ ਦਾ ਨਿਰਮਾਣ ਹੋਣ ਜਾ ਰਿਹਾ ਹੈ। ਹਾਲਾਂਕਿ, ਕਈ ਰਾਮ ਮੰਦਰ ਹਨ ਜੋ ਅਜੇ ਵੀ ਭਾਰਤ ਵਿੱਚ ਮੌਜੂਦ ਹਨ। ਭਾਰਤ ਵਿੱਚ ਪ੍ਰਸਿੱਧ ਰਾਮ ਮੰਦਰਾਂ ਦੀ ਸੂਚੀ ਦੀ ਪੜਚੋਲ ਕਰੋ ਜਿਨ੍ਹਾਂ ਨੂੰ ਤੁਹਾਨੂੰ ਜੀਵਨ ਵਿੱਚ ਇੱਕ ਵਾਰ ਜ਼ਰੂਰ ਜਾਣਾ ਚਾਹੀਦਾ ਹੈ।




ਅਯੁੱਧਿਆ ਵਿਚ ਰਾਮ ਮੰਦਰ ਹਮੇਸ਼ਾ ਹਿੰਦੂਆਂ ਲਈ ਪ੍ਰਮੁੱਖ ਰਿਹਾ ਹੈ ਕਿਉਂਕਿ ਇਸ ਨੂੰ 'ਰਾਮ ਜਨਮ ਭੂਮੀ', ਭਗਵਾਨ ਰਾਮ ਦਾ ਜਨਮ ਸਥਾਨ ਕਿਹਾ ਜਾਂਦਾ ਹੈ। ਫੈਜ਼ਾਬਾਦ ਜ਼ਿਲ੍ਹੇ ਵਿੱਚ ਸਰਯੂ ਨਦੀ ਦੇ ਕੰਢੇ ਸਥਿਤ ਇਹ ਰਾਮ ਮੰਦਰ ਹਿੰਦੂਆਂ ਵਿੱਚ ਬਹੁਤ ਮਹੱਤਵ ਰੱਖਦਾ ਹੈ। ਹਰ ਸਾਲ ਹਜ਼ਾਰਾਂ ਸ਼ਰਧਾਲੂ ਇਸ ਬ੍ਰਹਮ ਧਰਤੀ 'ਤੇ ਉਸ ਸਥਾਨ ਦੀ ਝਲਕ ਪਾਉਣ ਲਈ ਆਉਂਦੇ ਹਨ ਜਿੱਥੇ ਉਨ੍ਹਾਂ ਦੇ ਆਦਰਸ਼ ਰਾਜਾ ਸ਼੍ਰੀ ਰਾਮ ਦਾ ਜਨਮ ਹੋਇਆ ਸੀ। ਸ਼ਾਂਤ ਘਾਟ, ਸ਼ਾਨਦਾਰ ਮੰਦਰ ਅਤੇ ਭਗਵਾਨ ਰਾਮ ਵਿੱਚ ਹਿੰਦੂਆਂ ਦਾ ਅਟੁੱਟ ਵਿਸ਼ਵਾਸ ਅਯੁੱਧਿਆ ਵਿੱਚ ਰਾਮ ਮੰਦਰ ਦੀ ਸ਼ਾਂਤੀ ਨੂੰ ਕਾਇਮ ਰੱਖਦਾ ਹੈ।




ਤ੍ਰਿਪਯਾਰ ਸ਼੍ਰੀ ਰਾਮ ਮੰਦਿਰ ਕੇਰਲ ਦੇ ਤ੍ਰਿਸ਼ੂਰ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਰਾਮ ਮੰਦਿਰ ਦੀ ਇੱਥੇ ਸਥਾਪਿਤ ਮੂਰਤੀ ਦੇ ਪਿੱਛੇ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ। ਇਹ ਮੰਨਿਆ ਜਾਂਦਾ ਹੈ ਕਿ ਤ੍ਰਿਪਯਾਰ ਵਿੱਚ ਰੱਖੀ ਮੂਰਤੀ ਨੂੰ ਭਗਵਾਨ ਕ੍ਰਿਸ਼ਨ ਦੁਆਰਾ ਪੂਜਣ ਲਈ ਵਰਤਿਆ ਜਾਂਦਾ ਸੀ ਜੋ ਭਗਵਾਨ ਵਿਸ਼ਨੂੰ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ। ਇਹ ਸਮੁੰਦਰ ਵਿੱਚ ਡੁੱਬ ਗਿਆ ਸੀ ਅਤੇ ਕੇਰਲਾ ਦੇ ਚੇਤੂਵਾ ਖੇਤਰ ਦੇ ਇੱਕ ਮਛੇਰੇ ਦੁਆਰਾ ਸਥਾਪਿਤ ਕੀਤਾ ਗਿਆ ਸੀ। ਬਾਅਦ ਵਿੱਚ ਸ਼ਾਸਕ- ਵੱਕਾਇਲ ਕੈਮਲ ਨੇ ਉਸ ਮੂਰਤੀ ਨੂੰ ਤ੍ਰਿਪ੍ਰਯਾਰ ਮੰਦਰ ਵਿੱਚ ਸਥਾਪਿਤ ਕੀਤਾ। ਤੁਸੀਂ ਇਸ ਮਨਮੋਹਕ ਮੰਦਰ ਵਿੱਚ ਦਿਲਚਸਪ ਮੂਰਤੀਆਂ ਅਤੇ ਲੱਕੜ ਦੀ ਨੱਕਾਸ਼ੀ ਪਾ ਸਕਦੇ ਹੋ ਜੋ ਇਸਨੂੰ ਭਾਰਤ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦਾ ਹੈ। ਇੱਕ ਵਿਸ਼ਵਾਸ ਹੈ ਕਿ ਤ੍ਰਿਪਯਾਰ ਦਾ ਦੌਰਾ ਕਰਨ ਨਾਲ ਤੁਹਾਨੂੰ ਤੁਹਾਡੇ ਆਲੇ ਦੁਆਲੇ ਦੀਆਂ ਸਾਰੀਆਂ ਦੁਸ਼ਟ ਆਤਮਾਵਾਂ ਤੋਂ ਮੁਕਤੀ ਮਿਲਦੀ ਹੈ। ਏਕਾਦਸੀ ਤਿਉਹਾਰ ਇਸ ਮੰਦਰ ਵਿੱਚ ਇੱਕ ਸ਼ਾਨਦਾਰ ਜਸ਼ਨ ਅਤੇ ਖੁਸ਼ੀ ਦਾ ਗਵਾਹ ਹੈ। ਭਗਵਾਨ ਅਰਯੱਪਾ ਨੂੰ ਦੁਨੀਆ ਭਰ ਦੇ 21 ਹਾਥੀਆਂ ਅਤੇ ਸ਼ਰਧਾਲੂਆਂ ਨਾਲ ਬਾਹਰ ਕੱਢਿਆ ਜਾਂਦਾ ਹੈ।

ਕਾਲਾਰਾਮ ਮੰਦਰ ਭਾਰਤ ਵਿੱਚ ਇੱਕ ਸ਼ਾਨਦਾਰ ਰਾਮ ਮੰਦਰ ਹੈ ਜੋ ਕਿ ਨਾਸਿਕ, ਮਹਾਰਾਸ਼ਟਰ ਦੇ ਪੰਚਵਟੀ ਖੇਤਰ ਵਿੱਚ ਸਥਿਤ ਹੈ। ਕਾਲਾਰਾਮ ਦਾ ਸ਼ਾਬਦਿਕ ਅਰਥ ਹੈ 'ਕਾਲਾ ਰਾਮ' ਅਤੇ ਮੰਦਰ ਨੂੰ ਇਹ ਨਾਮ ਭਗਵਾਨ ਰਾਮ ਦੀ 2 ਫੁੱਟ ਉੱਚੀ ਕਾਲੀ ਮੂਰਤੀ ਕਾਰਨ ਪਿਆ। ਦੇਵੀ ਸੀਤਾ ਅਤੇ ਲਕਸ਼ਮਣ ਦੀਆਂ ਮੂਰਤੀਆਂ ਵੀ ਸਥਾਪਿਤ ਹਨ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਭਗਵਾਨ ਰਾਮ ਨੂੰ ਚੌਦਾਂ ਸਾਲਾਂ ਲਈ ਬਨਵਾਸ 'ਤੇ ਭੇਜਿਆ ਗਿਆ ਸੀ, ਦਸਵੇਂ ਸਾਲ ਬਾਅਦ, ਉਹ ਸੀਤਾ ਅਤੇ ਲਕਸ਼ਮਣ ਦੇ ਨਾਲ ਪੰਚਵਟੀ ਵਿੱਚ ਗੋਦਾਵਰੀ ਨਦੀ ਦੇ ਕੋਲ ਰਹਿਣ ਲਈ ਆਏ ਸਨ। ਇਸ ਮੰਦਰ ਦਾ ਨਿਰਮਾਣ ਸਰਦਾਰ ਰੰਗਾਰੂ ਓਧੇਕਰ ਦੁਆਰਾ ਕੀਤਾ ਗਿਆ ਸੀ ਜਿਸ ਨੇ ਸੁਪਨਾ ਲਿਆ ਸੀ ਕਿ ਗੋਦਾਵਰੀ ਨਦੀ ਵਿੱਚ ਰਾਮ ਦੀ ਇੱਕ ਕਾਲੀ ਮੂਰਤੀ ਹੈ, ਜਿਸ ਨੂੰ ਉਸਨੇ ਅਗਲੇ ਦਿਨ ਨਦੀ ਵਿੱਚੋਂ ਕੱਢ ਕੇ ਕਾਲਾਰਾਮ ਮੰਦਰ ਵਿੱਚ ਸਥਾਪਿਤ ਕੀਤਾ।





ਸੀਤਾ ਰਾਮਚੰਦਰਸਵਾਮੀ ਮੰਦਿਰ ਭਾਰਤ ਦੇ ਸਭ ਤੋਂ ਮਸ਼ਹੂਰ ਰਾਮ ਮੰਦਰਾਂ ਵਿੱਚੋਂ ਇੱਕ ਹੈ, ਜੋ ਤੇਲੰਗਾਨਾ ਦੇ ਭਦ੍ਰਾਦਰੀ ਕੋਠਾਗੁਡੇਮ ਜ਼ਿਲ੍ਹੇ ਦੇ ਭਦਰਚਲਮ ਵਿੱਚ ਸਥਿਤ ਹੈ। ਇਸ ਮੰਦਰ ਦਾ ਭਗਵਾਨ ਰਾਮ ਨਾਲ ਸਬੰਧਤ ਬਹੁਤ ਮਹੱਤਵਪੂਰਨ ਇਤਿਹਾਸ ਹੈ ਕਿਉਂਕਿ ਰਾਮਚੰਦਰਸਵਾਮੀ ਮੰਦਰ ਖੜ੍ਹਾ ਹੈ ਜਿੱਥੇ ਰਾਮ ਨੇ ਸੀਤਾ ਨੂੰ ਲੰਕਾ ਤੋਂ ਵਾਪਸ ਲਿਆਉਣ ਲਈ ਗੋਦਾਵਰੀ ਨਦੀ ਪਾਰ ਕੀਤੀ ਸੀ। ਮੰਦਰ ਦੇ ਅੰਦਰ ਸਥਾਪਿਤ ਮੂਰਤੀ ਤ੍ਰਿਭੰਗਾ ਦੇ ਰਵੱਈਏ ਵਿੱਚ ਖੜ੍ਹੀ ਹੈ ਜਿਸ ਵਿੱਚ ਭਗਵਾਨ ਰਾਮ ਨੇ ਆਪਣੇ ਹੱਥ ਵਿੱਚ ਧਨੁ ਅਤੇ ਬਾਨ ਲਿਆ ਹੋਇਆ ਹੈ ਅਤੇ ਦੇਵੀ ਸੀਤਾ ਆਪਣੇ ਹੱਥ ਵਿੱਚ ਇੱਕ ਕਮਲ ਲੈ ਕੇ ਉਸਦੇ ਕੋਲ ਖੜ੍ਹੀ ਹੈ।



ਰਾਮ ਰਾਜਾ ਮੰਦਿਰ ਭਾਰਤ ਦਾ ਇੱਕੋ ਇੱਕ ਅਜਿਹਾ ਮੰਦਿਰ ਹੈ ਜਿੱਥੇ ਰਾਮ ਦੀ ਪੂਜਾ ਰਾਜਾ ਵਜੋਂ ਕੀਤੀ ਜਾਂਦੀ ਹੈ ਨਾ ਕਿ ਭਗਵਾਨ ਵਜੋਂ। ਇਸ ਰਾਮ ਮੰਦਿਰ ਨੂੰ ਇੱਕ ਸ਼ਾਨਦਾਰ ਕਿਲ੍ਹੇ ਦੇ ਰੂਪ ਵਿੱਚ ਬਣਾਇਆ ਗਿਆ ਹੈ ਜਿਸ ਦੇ ਨਾਲ ਮੰਦਿਰ ਦੇ ਪਹਿਰੇਦਾਰ ਵਜੋਂ ਸੇਵਾ ਨਿਭਾ ਰਹੇ ਪੁਲਿਸ ਕਰਮਚਾਰੀ ਹਨ। ਹਰ ਰੋਜ਼ ਗਾਰਡ ਆਫ਼ ਆਨਰ ਕੀਤਾ ਜਾਂਦਾ ਹੈ ਅਤੇ ਰਾਜਾ ਰਾਮ ਨੂੰ ਹਥਿਆਰਾਂ ਦੀ ਸਲਾਮੀ ਦਿੱਤੀ ਜਾਂਦੀ ਹੈ। ਤੁਸੀਂ ਇਸ ਮੰਦਰ ਦੇ ਆਕਰਸ਼ਕ ਅੰਦਰੂਨੀ ਹਿੱਸੇ ਤੋਂ ਹੈਰਾਨ ਹੋਵੋਗੇ ਜੋ ਇਸਨੂੰ ਭਾਰਤ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦਾ ਹੈ। ਰਾਮ ਰਾਜਾ ਮੰਦਰ ਵਿੱਚ ਭਗਵਾਨ ਰਾਮ ਦੀ ਮੂਰਤੀ ਪਹਿਲਾਂ ਚਤੁਰਭੁਜ ਮੰਦਰ ਵਿੱਚ ਰੱਖੀ ਜਾਣੀ ਸੀ। ਪਰ ਇੱਕ ਵਾਰ ਜਿੱਥੇ ਇਹ ਇਸ ਸਮੇਂ ਖੜ੍ਹੀ ਹੈ, ਉਸ ਥਾਂ 'ਤੇ ਰੱਖਣ ਨਾਲ, ਕੋਈ ਵੀ ਇਸ ਨੂੰ ਉਥੋਂ ਹਿਲਾਉਣ ਦੇ ਯੋਗ ਨਹੀਂ ਸੀ। ਰਾਮ ਰਾਜਾ ਮੰਦਿਰ ਦੀਆਂ ਜੀਵੰਤ ਕੰਧਾਂ ਅਤੇ ਸੰਗਮਰਮਰ ਦਾ ਵਿਹੜਾ ਇਸ ਮੰਦਰ ਦੀ ਸੁੰਦਰਤਾ ਨੂੰ ਵਧਾਉਂਦਾ ਹੈ ਅਤੇ ਇਸਨੂੰ ਭਾਰਤ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦਾ ਹੈ।

ਅਯੁੱਧਿਆ ਭਗਵਾਨ ਰਾਮ ਦਾ ਜਨਮ ਸਥਾਨ ਹੈ, ਇਸ ਬ੍ਰਹਮ ਨਗਰੀ ਵਿੱਚ ਤੁਸੀਂ ਜਿੱਥੇ ਵੀ ਜਾਓਗੇ ਤੁਹਾਨੂੰ ਉਨ੍ਹਾਂ ਦਾ ਨਾਮ ਹਮੇਸ਼ਾ ਸੁਣਨ ਨੂੰ ਮਿਲੇਗਾ। ਕਨਕ ਭਵਨ ਮੰਦਰ ਅਯੁੱਧਿਆ ਦੇ ਸਭ ਤੋਂ ਵਧੀਆ ਰਾਮ ਮੰਦਰਾਂ ਵਿੱਚੋਂ ਇੱਕ ਹੈ। ਕਨਕ ਦਾ ਸ਼ਾਬਦਿਕ ਅਰਥ ਸੋਨਾ ਹੈ ਅਤੇ ਇਸ ਮੰਦਰ ਦਾ ਨਾਮ ਸੋਨੇ ਦੇ ਗਹਿਣਿਆਂ ਅਤੇ ਰਾਮ ਅਤੇ ਸੀਤਾ ਦੀਆਂ ਮੂਰਤੀਆਂ ਦੇ ਸੋਨੇ ਦੇ ਸਿੰਘਾਸਣ ਕਾਰਨ ਪਿਆ ਹੈ। ਜਦੋਂ ਵੀ ਤੁਸੀਂ ਇਸ ਪਵਿੱਤਰ ਮੰਦਿਰ 'ਤੇ ਜਾਂਦੇ ਹੋ, ਇੱਥੇ ਸੂਰਜ ਚੜ੍ਹਨ ਜਾਂ ਸੂਰਜ ਡੁੱਬਣ ਤੋਂ ਕਦੇ ਨਾ ਭੁੱਲੋ। ਕਨਕ ਮੰਦਿਰ ਨੂੰ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਕਿ ਮੰਦਰ ਦੀ ਮੁੱਖ ਕੰਧ ਪੂਰਬ ਵੱਲ ਹੈ। ਇਸ ਲਈ ਜਦੋਂ ਸੂਰਜ ਦੀਆਂ ਕਿਰਨਾਂ ਇਸ ਦੀ ਕੰਧ 'ਤੇ ਪੈਂਦੀਆਂ ਹਨ ਤਾਂ ਮੰਦਰ ਸ਼ਾਨਦਾਰ ਦਿਖਾਈ ਦਿੰਦਾ ਹੈ। ਇਸ ਮੰਦਰ ਦਾ ਨਿਰਮਾਣ ਅਸਲ ਵਿੱਚ ਭਗਵਾਨ ਰਾਮ ਦੀ ਮਤਰੇਈ ਮਾਂ ਕੈਕੇਈ ਨੇ ਆਪਣੇ ਵਿਆਹ ਦੇ ਤੋਹਫ਼ੇ ਵਜੋਂ ਕੀਤਾ ਸੀ। ਬਾਅਦ ਵਿੱਚ, ਇਸ ਨੂੰ ਦੁਬਾਰਾ ਬਣਾਇਆ ਗਿਆ ਸੀ.






ਇੱਕ ਸਮਾਂ ਸੀ ਜਦੋਂ ਲੰਕਾ ਤੋਂ ਆਉਣ ਤੋਂ ਬਾਅਦ ਸੀਤਾ ਨੂੰ ਤਿਆਗ ਦਿੱਤਾ ਗਿਆ ਸੀ। ਸ਼੍ਰੀ ਰਾਮ ਤੀਰਥ ਉਹ ਸਥਾਨ ਹੈ ਜਿੱਥੇ ਉਸਨੇ ਰਿਸ਼ੀ ਵਾਲਮੀਕਿ ਦੇ ਆਸ਼ਰਮ ਵਿੱਚ ਸ਼ਰਨ ਪ੍ਰਾਪਤ ਕੀਤੀ ਸੀ। ਇਹ ਉਹੀ ਸਥਾਨ ਹੈ ਜਿੱਥੇ ਉਸਨੇ ਜੁੜਵਾਂ ਬੱਚਿਆਂ, ਲਵ ਅਤੇ ਕੁਸ਼ ਨੂੰ ਜਨਮ ਦਿੱਤਾ। ਇੱਥੇ ਸ਼੍ਰੀ ਰਾਮ ਤੀਰਥ ਮੰਦਿਰ ਵਿਖੇ ਜੁੜਵਾਂ ਬੱਚਿਆਂ ਅਤੇ ਭਗਵਾਨ ਰਾਮ ਦੀ ਸੈਨਾ ਵਿਚਕਾਰ ਲੜਾਈ ਹੋਈ। ਰਾਮਾਇਣ ਦਾ ਸਾਰਾ ਮਹਾਂਕਾਵਿ ਇਸ ਆਸ਼ਰਮ ਵਿੱਚ ਵਾਲਮੀਕਿ ਦੁਆਰਾ ਰਚਿਆ ਗਿਆ ਸੀ। ਅਜਿਹੀਆਂ ਮਹੱਤਵਪੂਰਨ ਘਟਨਾਵਾਂ ਦੀ ਇੱਕ ਲੜੀ ਸ਼੍ਰੀ ਰਾਮ ਤੀਰਥ ਮੰਦਰ ਨੂੰ ਭਾਰਤ ਦੇ ਸਭ ਤੋਂ ਪਵਿੱਤਰ ਰਾਮ ਮੰਦਰਾਂ ਵਿੱਚੋਂ ਇੱਕ ਬਣਾਉਂਦੀ ਹੈ।

ਕੋਂਡੰਡਾ ਰਾਮਾਸਵਾਮੀ ਮੰਦਿਰ ਭਾਰਤ ਦੇ ਪ੍ਰਸਿੱਧ ਰਾਮ ਮੰਦਰਾਂ ਵਿੱਚੋਂ ਇੱਕ ਹੈ ਜੋ ਕਰਨਾਟਕ ਦੇ ਚਿੱਕਮਗਲੁਰੂ ਜ਼ਿਲ੍ਹੇ ਵਿੱਚ ਸਥਿਤ ਹੈ। ਇਹ ਮੰਦਰ ਹੋਯਸਾਲਾ ਅਤੇ ਦ੍ਰਾਵਿੜ ਸ਼ੈਲੀ ਦੀ ਆਰਕੀਟੈਕਚਰ ਦਾ ਸੰਪੂਰਨ ਮਿਸ਼ਰਣ ਹੈ। ਹੀਰੇਮਗਲੂਰ ਵਿੱਚ, ਪਰਸ਼ੂਰਾਮ ਨੇ ਭਗਵਾਨ ਰਾਮ ਨੂੰ ਉਸ ਦੇ ਵਿਆਹ ਦੇ ਦ੍ਰਿਸ਼ ਦਿਖਾਉਣ ਲਈ ਬੇਨਤੀ ਕੀਤੀ ਅਤੇ ਇਸੇ ਲਈ ਹਿੰਦੂ ਵਿਆਹ ਦੀਆਂ ਰਸਮਾਂ ਵਿੱਚ ਪਰੰਪਰਾਵਾਂ ਦੇ ਅਨੁਸਾਰ ਕੋਂਡੰਡਾ ਰਾਮਾਸਵਾਮੀ ਵਿੱਚ ਮੂਰਤੀਆਂ ਰਾਮ ਦੇ ਸੱਜੇ ਪਾਸੇ ਸੀਤਾ ਅਤੇ ਲਕਸ਼ਮਣ ਦੇ ਨਾਲ ਖੜ੍ਹੀਆਂ ਹਨ। ਇਹ ਭਾਰਤ ਦਾ ਇਕਲੌਤਾ ਮੰਦਰ ਹੈ ਜਿੱਥੇ ਤੁਸੀਂ ਰਾਮ ਦੇ ਸੱਜੇ ਪਾਸੇ ਸੀਤਾ ਅਤੇ ਖੱਬੇ ਪਾਸੇ ਲਕਸ਼ਮਣ ਨੂੰ ਖੜ੍ਹੇ ਦੇਖ ਸਕਦੇ ਹੋ।

